

ਦਰਵੇਸ਼ ਜਥੇਦਾਰ

ਸੰਤ ਗਿਆਨ ਸਿੰਘ ਵੀਰੋਕੇ



ਲੇਖਕ ਤੇ ਪ੍ਰਕਾਸ਼ਕ

ਸੂਬਾ ਹਰਬੰਸ ਸਿੰਘ ਦੋਸ਼ੀ



ਜਥੇਦਾਰ ਗਿਆਨ ਸਿੰਘ ਜੀ ਆਪਣੇ ਇਸ਼ਟ ਦੇਵ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਵਾ ਵਿੱਚ ਮਿਤੀ ੨੩ ਅਗਸਤ ੧੯੯੮ ਅੰਤਮ ਸਵਾਸ ਤੋਂ ੨੫ ਦਿਨ ਪਹਿਲਾਂ



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

In order to continue conserving, digitising and publishing our numerous literature online, we are asking for your support and involvement.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

Digitising our treasures is an ambitious undertaking. Every page, every object, must be photographed individually and with great care. The whole photographic process including lighting, colour temperature, and environmental controls must all be precisely regulated. Post processing is also done with meticulous care including orientation, de-skewing, sizing and finally quality control to ensure the documents reflect the true state of the originals.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information about the process or your contribution - please contact

Email: NamdhariElibrary@gmail.com

kirpal singh chana

ਦਰਵੇਸ਼ ਜਥੇਦਾਰ

ਸੰਤ ਗਿਆਨ ਸਿੰਘ ਵੀਰੋਕੇ

(ਸੰਖੇਪ ਜੀਵਨੀ ਅਤੇ ਸ਼ਰਧਾਂਜਲੀ)

ਲੇਖਕ ਤੇ ਪ੍ਰਕਾਸ਼ਕ

ਸੂਬਾ ਹਰਬੰਸ ਸਿੰਘ ਦੋਸ਼ੀ

ਨੇੜੇ ਹਨੂੰਮਾਨ ਮੰਦਿਰ, ਸ਼ਿਵਾਜੀ ਨਗਰ

ਨੰਦੇੜ (ਮਹਾਂਰਾਸ਼ਟਰ) —੪੩੧੬੦੨

Darvesh Jathedar
Gian Singh Veeroke

Writer & Publisher
Sooba Harbans Singh Doshi

Near Hanuman Mandir, Shivaji Nagar
Nanded Maharashtra—431602

ਪਹਿਲੀ ਛਾਪ — ੨੦੦੦

ਅਪ੍ਰੈਲ, ੧੯੯੯

ਸਮਰਪਿਤ

ਉਸ ਪਿਆਰੀ-ਪਿਆਰੀ ਅੱਮੜੀ ਨੂੰ, ਜਿਸ ਨੇ ਬੜੇ ਜੋਖ਼ਮ ਭਰੇ ਮਾਹੌਲ ਵਿੱਚ ਅਨੇਕਾਂ ਦੁਖੜਿਆਂ ਦਾ ਸਾਹਮਣਾ ਕਰਦਿਆਂ ਆਪਣੇ ਲਾਲ-ਦੁਲਾਰੇ ਨੂੰ ਗੁਰੂ ਘਰ ਦੀਆਂ ਮਿੱਠੀਆਂ-ਮਿੱਠੀਆਂ ਲੋਰੀਆਂ ਦੇ ਦੇ ਬਾਵਨ ਚੰਦਨ ਵਾਂਗ ਸੁਗੰਧਿਤ ਕਰ ਦਿੱਤਾ ਸੀ।

ਅੱਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕ੍ਰਿਪਾ ਸਦਕਾ ਲੱਖਾਂ ਰੂਹਾਂ ਨੂੰ ਤੇਰੇ ਲਾਲ-ਦੁਲਾਰੇ ਨੇ ਗੁਰਬਾਣੀ ਦੇ ਮਿੱਠੇ ਨਾਮ-ਰਸ ਨਾਲ ਸਰਸ਼ਾਰ ਤੇ ਸੁਗੰਧਿਤ ਕਰ ਦਿੱਤਾ ਏ। ਅੱਜ ਅਸੀਂ ਤੇਰੇ ਲਾਲ-ਦੁਲਾਰੇ ਦੀ ਯਾਦ ਵਿੱਚ ਜੁੜੀਆਂ ਸੰਗਤਾਂ ਮਾਤਾ ਜੀ ਤੇਰਾ ਕੋਟਾਨ-ਕੋਟ ਧੰਨਵਾਦ ਕਰਦੀਆਂ ਤੇਰੇ ਇਸ ਉਪਕਾਰ ਦੀਆਂ ਰਿਣੀ ਹਾਂ।

(ਸੂਬਾ) ਹਰਬੰਸ ਸਿੰਘ ਦੋਸ਼ੀ

ਸਿਮ੍ਰਤੀ ਸਮਾਗਮ
ਪਿੰਡ ਬਹਾਦਰਸੈਣ (ਬਟਾਲਾ)
ਮਿਤੀ ੨੯-ਅਪ੍ਰੈਲ ੨੯੯੯

ਪ੍ਰਸਤਾਵਨਾ

ਪਰਮ ਸਤਿਕਾਰੇ ਸ੍ਰੀਮਾਨ ਸੰਤ ਗਿਆਨ ਸਿੰਘ ਜੀ ਵੀਰੋਕੇ ਨਾਮਧਾਰੀ ਪੰਥ ਦੇ ਮਹਾਨ ਜਥੇਦਾਰ ਹੋਏ ਹਨ। ਨਾਮਧਾਰੀ ਸੰਗਤ ਵਿੱਚ ਜਥੇਦਾਰ ਦੀ ਪਦਵੀ ਕੀਰਤਨ ਕਰਨ ਵਾਲੇ ਅਥਵਾ ਹੱਲੇ ਦਾ ਦੀਵਾਨ ਲਾਉਣ ਵਾਲਿਆਂ ਨੂੰ ਹੀ ਮਿਲਦੀ ਹੈ। ਆਪ ਨੇ ਨਾਮਧਾਰੀ ਪੰਥ ਦੇ ਅੰਦਰ ਅਤੇ ਬਾਹਰ ਅਥਾਹ ਸਤਿਕਾਰ ਪਾਇਆ ਅਤੇ ਗੁਰਮਤਿ ਪ੍ਰਚਾਰ ਦਾ ਮਹਾਨ ਕਾਰਜ ਕੀਤਾ।

ਉਨ੍ਹਾਂ ਦੀ ਯਾਦ ਵਿੱਚ ਉਨ੍ਹਾਂ ਦੇ ਸ਼ਰਧਾਲੂ ਮਿੱਤਰ ਸਖਾ ਅਤੇ ਪਰਮ ਪ੍ਰੇਮੀ ਸ੍ਰੀਮਾਨ ਸੂਬਾ ਹਰਬੰਸ ਸਿੰਘ ਦੋਸ਼ੀ ਜੀ ਨੇ ਪਰਮ ਸ਼ਰਧਾ ਨਾਲ ਇਹ ਛੋਟੀ ਪੁਸਤਕਾ ਲਿਖੀ ਅਤੇ ਛਪਵਾਈ ਹੈ। ਇਹ ਪ੍ਰਸੰਸਾਯੋਗ ਉੱਦਮ ਹੈ।

ਸੰਤਾਂ ਦੇ ਬਾਰੇ ਬਹੁਤ ਵੱਡੀ ਪੁਸਤਕ ਵੀ ਲਿਖੀ ਜਾ ਸਕਦੀ ਹੈ। ਖ਼ਾਸ ਕਰਕੇ ਉਨ੍ਹਾਂ ਦੇ ਦੀਵਾਨਾਂ ਵਿੱਚ ਦਿੱਤੇ ਵਿਆਖਿਆਨਾਂ ਨੂੰ ਪੁਸਤਕ ਰੂਪ ਦਿੱਤਾ ਜਾਵੇ ਤਾਂ ਇਹ ਇਕ ਦੁਰਲੱਭ ਪੁਸਤਕ ਬਣ ਜਾਵੇ। ਪਰ ਇਸ ਵਕਤ ਸੰਤ ਜੀ ਦੇ ਪਿੰਡ ਬਹਾਦਰ ਸੈਣ ਨਜ਼ਦੀਕ ਬਟਾਲਾ ਵਿੱਚ ਪਰਿਵਾਰ ਵੱਲੋਂ ਉਨ੍ਹਾਂ ਦੀ ਯਾਦ ਵਿੱਚ ਹੋ ਰਹੇ ਮੇਲੇ ੨੯ ਅਪ੍ਰੈਲ ੧੯੯੯ ਦੇ ਅਵਸਰ ਤੇ ਸੂਬਾ ਜੀ ਨੇ ਇਹ ਪੁਸਤਕ ਪ੍ਰਕਾਸ਼ਤ ਕਰਨੀ ਜ਼ਰੂਰੀ ਸਮਝੀ ਹੈ।

ਇਸ ਮੇਲੇ ਸਮੇਂ ਸੰਤ ਗਿਆਨ ਸਿੰਘ ਵੀਰੋਕੇ ਦੇ ਇਸ਼ਟ ਦੇਵ ਪੰਥਪਤੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਮਧਾਰੀ ਪੰਥ ਦੇ ਵਿਦਵਾਨ ਜਥੇਦਾਰਾਂ ਅਤੇ ਪ੍ਰਚਾਰਕਾਂ ਸਹਿਤ ਪਧਾਰ ਰਹੇ ਹਨ। ਇਹ ਸਤਿਗੁਰੂ ਜੀ ਵੱਲੋਂ ਸੰਤਾਂ ਪ੍ਰਤੀ ਪਿਆਰ ਦੀ ਭਾਵਨਾ ਦਾ ਹੀ ਸੂਚਕ ਹੈ। ਭਾਵਨਾ ਜੋ ਇਸ ਪੁਸਤਕਾ ਦੇ ਅੰਦਰੋਂ ਵੀ ਉਪਲਬਧ ਹੋਵੇਗੀ।

ਬਹੁਤ ਹੀ ਸੀਮਤ ਸਮੇਂ ਵਿੱਚ ਸੂਬਾ ਹਰਬੰਸ ਸਿੰਘ ਦੋਸ਼ੀ ਹੋਰਾਂ ਉੱਦਮ ਕਰਕੇ ਸੰਤਾਂ ਬਾਰੇ ਇਹ ਮਜ਼ਮੂਨ ਲਿਖਿਆ ਅਤੇ ਛਪਵਾਇਆ ਹੈ। ਇਸ ਵਿੱਚ ਉਨ੍ਹਾਂ ਆਪਣੇ ਲੇਖ ਦੇ ਨਾਲ 'ਵਰਿਆਮ' ਵਿੱਚ ਛਪੇ ਸੰਤਾਂ ਬਾਰੇ ਲੇਖ ਅਤੇ ਸਮਾਚਾਰਾਂ ਨੂੰ ਵੀ ਛਪਵਾਇਆ ਹੈ। ਥੋੜ੍ਹੇ ਸਮੇਂ ਵਿੱਚ ਹੋਰ ਛਪੀ ਅਣਛਪੀ ਸਮੱਗਰੀ ਦੇਣ ਦਾ ਅਵਸਰ ਹੀ ਨਹੀਂ ਬਣ ਸਕਿਆ ਨਹੀਂ ਤਾਂ ਹੁਣ ਵੀ ਇਹ ਵਡਆਕਾਰੀ ਗ੍ਰੰਥ ਬਣ ਸਕਦਾ ਸੀ। ਇਸ ਵਿੱਚ ਕੁਝ ਪ੍ਰਾਪਤ ਤਸਵੀਰਾਂ ਵੀ ਦਿੱਤੀਆਂ ਗਈਆਂ ਹਨ। ਸੰਤਾਂ ਦਾ ਸੰਗਾਊ ਸੁਭਾ ਹੋਣ ਕਰਕੇ ਬਹੁਤ ਤਸਵੀਰਾਂ ਉਪਲਬਧ ਵੀ ਨਹੀਂ ਹਨ ਇਸ ਵਾਸਤੇ ਇਨ੍ਹਾਂ ਤਸਵੀਰਾਂ ਰਾਹੀਂ ਉਨ੍ਹਾਂ ਦੇ ਸਾਰੇ ਜੀਵਨ ਕਰਮ ਦੀ ਝਾਤੀ ਨਹੀਂ ਮਿਲਦੀ। ਉਨ੍ਹਾਂ ਦੀ ਤਸਵੀਰ ਦੀ ਛਾਪ ਤਾਂ ਲੋਕਾਂ ਦੇ ਮਨਾਂ ਵਿੱਚ ਹੈ।

ਸੂਬਾ ਜੀ ਦਾ ਇਹ ਉੱਦਮ ਅਤਿ ਸ਼ਲਾਘਾਯੋਗ ਹੈ। ਸੰਤ ਗਿਆਨ ਸਿੰਘ ਜੀ ਵੀਰੋਕੇ ਨੂੰ ਧੁਰ ਅੰਦਰੋਂ ਸ਼ਰਧਾਂਜਲੀ ਹੈ। ਸੂਬਾ ਜੀ ਦੀਆਂ ਭਾਵਨਾਵਾਂ ਨਾਲ ਸਾਰਾ ਨਾਮਧਾਰੀ ਪੰਥ ਸ਼ਾਮਲ ਹੈ।

ਜਗਦੀਸ਼ ਸਿੰਘ ਵਰਿਆਮ

ਸੰਪਾਦਕ ਵਰਿਆਮ

ਜਲੰਧਰ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਦਰਵੇਸ਼ ਜਥੇਦਾਰ !

ਸੰਤ ਗਿਆਨ ਸਿੰਘ ਜੀ- "ਵੀਰੋਕੇ"

ਸਫਲੁ ਜਨਮੁ ਹਰਿ ਜਨਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ।
ਸਗਲ ਸਮੂਹ ਲੈ ਉਧਰੇ ਨਾਨਕ ਪੂਰਨ ਬ੍ਰਹਮ ਪਛਾਤਾ। ਮ : ੫

ਮੌਤ ਇਕ ਅਟੱਲ ਸੱਚਾਈ ਹੈ। ਜੋ ਅਦ੍ਰਿਸ਼ਟ ਰੂਪ ਵਿੱਚ ਰਹਿੰਦਿਆਂ ਵੀ ਦ੍ਰਿਸ਼ਟ ਰੂਪ ਤੇ ਪੂਰੀ ਤਰ੍ਹਾਂ ਹਾਵੀ ਹੈ। ਸਰੀਰ ਤੇ ਆਤਮਾ ਦੇ ਵਿਛੋੜੇ ਦਾ ਨਾਮ ਹੀ ਮੌਤ ਹੈ। ਇਕ ਵਿਦਵਾਨ ਦਾ ਕਥਨ ਹੈ। ਜ਼ਿੰਦਗੀ ਕਿਆ ਹੈ? ਉਤਰ ! ਅਨਾਸਰ ਕਾ ਜ਼ਹੂਰੇ ਤਰਤੀਬ। ਮੌਤ ਕਿਆ ਹੈ? ਇਨ ਹੀ ਅਜਜ਼ਾ ਕਾ ਬਿਖਰ ਜਾਨਾ।

ਗੁਰਬਾਣੀ 'ਚ ਫੁਰਮਾਨ ਹੈ!

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ।
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮਹਿ ਮਾਨਿ। ਮ : ੯

ਜਨਮ ਲੈਂਦਾ ਹੀ ਸਰੀਰ ਧਾਰੀ ਮੌਤ ਦਾ ਸਫ਼ਰ ਤੈਅ ਕਰਨਾ ਸ਼ੁਰੂ ਕਰ ਦਿੰਦਾ ਏ। ਬਹੁਤ ਮਜ਼ਬੂਤ ਪਕੜ ਹੈ ਇਸ ਦੀ। ਇਕ ਰੱਤਾ ਭਰ ਵੀ ਮੁਹਲਤ ਨਹੀਂ ਦੇਂਦੀ ਇਹ ਆਪਣੀ ਆਮਦ ਸਮੇਂ। ਕਹਿੰਦੇ ਹਨ ਸਿਕੰਦਰ ਨੇ ੨੪ ਘੰਟੇ ਦਾ ਸਮਾਂ ਮੰਗਿਆ ਮੌਤ ਕੋਲੋਂ ਕਿ ਮੈਂ ਸਾਰੀ ਦੁਨੀਆ ਫਤਹ ਕਰ ਆਇਆ ਹਾਂ। ਜੇ ਇਤਨਾ ਕੁ ਸਮਾਂ ਮਿਲ ਜਾਏ ਤਾਂ ਮੈਂ ਸਾਰੀ ਦੁਨੀਆ ਦਾ ਤਾਜ ਆਪਣੀ ਮਾਂ ਦੇ ਕਦਮਾਂ 'ਚ ਭੇਟ ਕਰ ਮਾਤ੍ਰ ਰਿਣ ਉਤਾਰ ਸਕਾਂ। ਪਰ ਨਹੀਂ ਮਿਲਿਆ। ਠੀਕ ਹੀ ਹੈ ਮਹਾਂ ਪੁਰਸ਼ਾਂ ਦਾ ਕਥਨ!

ਪੁਰਸ਼ ਬਲੀ ਨਹੀਂ ਹੋਤ ਹੈ ਸਮੇਂ ਹੋਤ ਬਲਵਾਨ।

ਜ਼ਿੰਦਗੀ ਭਰ ਤੁਮ ਚਲਤੇ ਚਲੇ, ਪਹੁੰਚਤੇ ਕਹਾਂ ਹੋ, ਠੀਕ ਜਗਾ ਪਰ ਜਹਾਂ ਮਰਨ ਹੋਤਾ ਹੈ।

ਸਤਿਗੁਰ ਜੀ ਮਨੁੱਖ ਨੂੰ ਸਫ਼ਲ ਜੀਵਨ ਜੀਊਣ ਲਈ ਸੁਚੇਤ ਕਰਦਿਆਂ ਫੁਰਮਾਉਂਦੇ ਹਨ।
ਧਰਤੀ ਉਪਰਿ ਕੋਟ ਗੜ ਕੇਤੀ ਗਈ ਵਜਾਇ। ਜੋ ਅਸਮਾਨ ਨ ਮਾਵਨੀ ਤਿਨ ਨਕਿ ਨੱਥਾ ਪਾਇ। ਜੇ ਮਨ ਜਾਨਹਿ ਸੂਲੀਆ ਕਾਹਿ ਮਿਠਾ ਖਾਇ। ਨਾਨਕ ਅਉਗਣ ਜੇਤੜੇ ਤੇਤੇ ਗਲੀ ਜੰਜੀਰ। ਜੇ ਗੁਣ ਹੋਣ ਤ ਕਟੀਅਨਿ ਸੇ ਭਾਈ ਸੇ ਵੀਰ। ਅੱਗੇ ਗਏ ਨ ਮਨੀਅਨਿ ਮਾਰਿ ਕਢਹੁ ਵੇਪੀਰ। ਮ : ੧

ਮੌਤ ਬਾਦਸ਼ਾਹ ਤੇ ਕੰਗਾਲ, ਮੂਰਖ ਤੇ ਪੰਡਤ, ਪੁੱਨੀ ਤੇ ਪਾਪੀ, ਦਾਨੀ ਤੇ ਭਿਖਾਰੀ ਸਭ ਦੇ ਸਿਰ ਤੇ ਇਕ ਸਾਰ ਕੂਕਦੀ ਹੈ। ਪ੍ਰੰਤੂ ਕੁਝ ਐਸੀਆਂ ਹਸਤੀਆਂ ਹੁੰਦੀਆਂ ਹਨ, ਜੋ ਆਪਣੇ ਸਾਫ਼-ਸੁਥਰੇ ਆਚਾਰ-ਵਿਹਾਰ, ਕਥਨੀ ਤੇ ਕਰਨੀ ਦੁਆਰਾ ਆਉਣ ਵਾਲੀ ਪੀੜ੍ਹੀ ਲਈ ਸੁਚੱਜੇ ਮਾਰਗ ਦਾ ਰਾਹ ਰੁਸ਼ਨਾ ਜਾਂਦੀਆਂ ਹਨ। ਉਨ੍ਹਾਂ ਦਾ ਬੇ-ਦਾਗ਼ ਜੀਵਨ ਸਮਾਜ ਲਈ ਚਾਨਣ ਮਿਨਾਰ ਹੁੰਦਾ ਹੈ। ਉਹਨਾਂ ਮਹਾਂ-ਪੁਰਸ਼ਾਂ ਵਿਚੋਂ ਹੀ ਸਨ ਸੰਤ ਗਿਆਨ ਸਿੰਘ ਜੀ "ਵੀਰੋਕੇ"! ਉਨ੍ਹਾਂ ਦਾ ਜੀਵਨ ਸਾਡੇ ਲਈ ਪ੍ਰੇਰਨਾ ਸਰੋਤ ਹੈ।

ਆਪ ਜੀ ਦਾ ਜਨਮ ਜ਼ਿਲ੍ਹਾ ਸਿਆਲਕੋਟ ਦੇ ਪਿੰਡ ਵੀਰੋਕੇ (ਪਾਕਿਸਤਾਨ) ਵਿੱਚ ਹੋਇਆ। ਪਿਤਾ ਦਾ ਨਾਮ ਸੰਤ ਨਾਨਕ ਸਿੰਘ ਤੇ ਉਸ ਧੰਨਤਾ ਯੋਗ, ਕਰਮਾਂ ਵਾਲੀ ਮਾਤਾ ਦਾ ਨਾਮ ਕਰਮ ਕੌਰ ਸੀ ਜਿਸ ਨੇ ਐਸੇ ਸ਼ੁਭ ਗੁਣਾਂ ਦੇ ਧਾਰਨੀ, ਰੌਸ਼ਨ ਜ਼ਮੀਰ, ਸਾਧੂ ਬਿਰਤੀ ਵਾਲੇ ਬੱਚੇ ਨੂੰ ਜਨਮ

ਦਿੱਤਾ। ਅੱਜ-ਕੱਲ੍ਹ ਭਾਵੇਂ ਆਪ ਜ਼ਿਲ੍ਹਾ ਗੁਰਦਾਸਪੁਰ ਬਟਾਲੇ ਤੋਂ ਛੇ ਕਿਲੋਮੀਟਰ ਦੂਰ ਪਿੰਡ ਬਹਾਦਰ ਸੈਨ ਨਿਵਾਸ ਰੱਖਦੇ ਸਨ। ਫਿਰ ਵੀ ਅੱਧੀ ਸਦੀ ਬੀਤ ਜਾਣ ਤੇ ਵੀ ਪਿੰਡ ਵੀਰੋਕੇ ਸੰਤਾਂ ਦੇ ਨਾਮ ਨਾਲ ਐਸੀ ਪੱਕੀ ਗੰਢ ਪਾਈ ਏ ਕਿ ਸੰਤਾਂ ਦਾ ਨਾਮ ਜ਼ਬਾਨ ਤੇ ਆਉਂਦਿਆਂ ਹੀ ਵੀਰੋਕੇ ਆਪ ਮੁਹਾਰਾ ਹੀ ਨਾਮ ਨਾਲ ਜੁੜ ਜਾਂਦਾ ਏ।

ਸਿਆਲਕੋਟ ਦਾ ਇਹ ਇਲਾਕਾ ਸਰਵਰੀਆਂ (ਜਿਨ੍ਹਾਂ ਨੂੰ ਛਤਿਆਂ ਵਾਲੇ ਵੀ ਆਖਦੇ ਸੀ) ਦਾ ਗੜ੍ਹ ਸੀ। ਸੰਤ ਗਿਆਨ ਸਿੰਘ ਦੇ ਪਿਤਾ ਜੀ ਨਗਰ ਵਿੱਚ ਚੰਗੇ ਮੰਨੇ ਹੋਏ ਵਿਅਕਤੀ ਸਨ। "ਆਪਣਾ ਬਿਗਾਰ ਬਿਰਾਨਾਂ ਸਾਂਢੇ" ਪਰ ਉਪਕਾਰ ਵਾਸਤੇ ਕਿਸੇ ਨਾਲ ਅਨਿਆਂ ਹੁੰਦਾ ਵੇਖ ਬਰਦਾਸ਼ਤ ਨਹੀਂ ਸ੍ਹਨ ਕਰਦੇ। ਡਟ ਕੇ ਉਸ ਦੀ ਮਦਦ ਲਈ ਖੜੇ ਹੋ ਜਾਂਦੇ ਸਨ। ਨਗਰ ਨਿਵਾਸੀਆਂ ਦੇ ਭਾਗ ਜਾਗ ਪਏ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦਾ ਦੌਰਾ ਆਇਆ। ਨਾਨਕ ਸਿੰਘ ਨੇ ਆਪਣੇ ਕਈ ਸਾਥੀਆਂ ਗੰਡਾ ਸਿੰਘ, ਮੱਲਾ ਸਿੰਘ, ਵਰਿਆਮ ਸਿੰਘ, ਹਰਦਿਤ ਸਿੰਘ, ਹਾਕਮ ਸਿੰਘ, ਹਰੀ ਸਿੰਘ ਆਦਿ ਨਾਲ ਭਜਨ ਪੁੱਛ ਸਿੱਖੀ ਧਾਰਨ ਕੀਤੀ। ਫਿਰ ਰਲਕੇ ਪਹਿਲਾਂ ਛੋਟੀ ਫਿਰ ਵੱਡੇ ਆਕਾਰ ਵਿੱਚ ਧਰਮਸਾਲਾ ਬਣਾਈ। ਨਾਮ ਸਿਮਰਨ, ਕੀਰਤਨ ਤੇ ਸਿੱਖੀ ਪ੍ਰਚਾਰ ਸ਼ੁਰੂ ਹੋਇਆ।

ਯਾਦ ਰਹੇ ਧਰਮਸਾਲਾ ਬਨਾਉਣ ਲੱਗਿਆਂ ਵੀ ਬਹੁਤ ਸੰਘਰਸ਼ ਕਰਨਾ ਪਿਆ। ਸਰਵਰੀਏ ਨਹੀਂ ਸੀ ਬਨਾਉਣ ਦਿੰਦੇ। ਪਰ ਸਿੱਖਾਂ ਰਾਤੋ-ਰਾਤ ਕੰਧਾਂ ਖੜੀਆਂ ਕਰ ਲਈਆਂ। ਸਰਵਰੀਆਂ ਇਨ੍ਹਾਂ ਦੀਆਂ ਕੁੜਾਂ ਜਿਥੇ ਮਾਲ-ਡੰਗਰ ਬੱਝਦਾ ਸੀ ਰਾਤ ਨੂੰ ਅੱਗ ਲਾ ਦਿੱਤੀ। ਮਾਲ ਡੰਗਰ ਤੇ ਹੋਰ ਸਾਮਾਨ ਸੜ ਗਿਆ। ਸਵੇਰੇ ਪੁਲਿਸ ਆਈ। ਦੱਸੋ ਕਿਸ ਨੇ ਸਾੜਿਆ ਏ। ਸਿਖ ਨਹੀਂ ਸੀ ਚਾਹੁੰਦੇ ਪਿੰਡ ਵਿੱਚ ਵਿਗਾੜ ਪਵੇ। "ਭਲੇ ਨਾਲ ਭਲਿਆਈ ਕਰਨੀ ਇਹ ਸਭ ਕੋਈ ਜਾਣੇ। ਬੁਰੇ ਨਾਲ ਵੀ ਭਲਾ ਹੀ ਕਰਨਾ ਇਹ ਗੁਰੂ ਨਾਨਕ ਜਾਣੇ" ਇਨ੍ਹਾਂ ਕਿਸੇ ਦਾ ਨਾਮ ਨਾ ਲਿਆ। ਤੇ ਥਾਨੇਦਾਰ ਦੇ ਜ਼ੋਰ ਦੇਣ ਤੇ ਕਿਹਾ। ਅੱਜ ਅਸੀਂ ਛੱਤ ਪਾਉਣੀ ਏ। ਜਿਹੜਾ ਰੋਕੇਗਾ। ਸਮਝ ਲੈਣਾ ਓਹੀ ਹੈ ਨੁਕਸਾਨ ਕਰਨ ਵਾਲਾ। ਪੁਲਿਸ ਦੇ ਬੈਠਿਆਂ ਛਤ ਵੀ ਪਾਈ ਗਈ, ਪਰ ਕਿਸੇ ਨੇ ਨ ਰੋਕਿਆ। ਬਹੁਤ ਸੂਝ-ਬੂਝ ਤੋਂ ਕੰਮ ਲਿਆ ਸਿੱਖਾਂ ਨੇ। ਹੋਇਆ ਨੁਕਸਾਨ ਬਰਦਾਸ਼ਤ ਕਰ ਲਿਆ ਤੇ ਹੋਣ ਵਾਲੇ ਇਕ ਵੱਡੇ ਦੁਖਾਂਤ ਤੋਂ ਬਚਾ ਹੋ ਗਿਆ।

ਗੱਲਾਂ ਕੁਝ ਘਰ ਦੀਆਂ !

ਅਕਾਲ ਪੁਰਖ ਦੀ ਰਜ਼ਾ, ਸੰਤ ਗਿਆਨ ਸਿੰਘ ਜੀ ਅਜੇ ਚਾਰ ਕੁ ਸਾਲ ਦੇ ਹੀ ਸਨ ਕਿ ਪਿਤਾ-ਮਾਤਾ ਦਾ ਸਾਇਆ ਸਿਰ ਤੋਂ ਸਦਾ ਲਈ ਉਠ ਗਿਆ। ਪਰਿਵਾਰ ਵਿੱਚ ਹੁਣ ਆਪ ਦੀ ਵੱਡੀ ਭੈਣ ਨ੍ਹਾਮੋ ਤੇ ਇਹ ਨੰਨ੍ਹਾ ਜਿਹਾ ਬਾਲਕ ਤਿਨ ਹੀ ਸਰੀਰ ਸਨ। ਏਥੋਂ ਹੀ ਆਪ ਦਾ ਜੀਵਨ ਸੰਗਰਾਮ ਸ਼ੁਰੂ ਹੋ ਪੈਂਦਾ ਏ। ਪਿਤਾ ਦੇ ਚੜ੍ਹਾਈ ਕਰ ਜਾਣ ਨਾਲ ਹੀ ਸ਼ਰੀਕਾਂ ਦੀ ਕੈਰੀ ਅੱਖ ਇਸ ਪਰਿਵਾਰ ਤੇ ਪੈਣੀ ਸ਼ੁਰੂ ਹੋ ਗਈ। ਧੱਨ ਧਾਮ ਦੇ ਲੋਭੀਆਂ ਨੇ ਚਾਰ ਪੰਜ ਸਾਲ ਦੇ ਇਸ ਅਬੋਧ ਬੱਚੇ ਨੂੰ ਮਾਰ ਦੇਣ ਦੀਆਂ ਵਿਉਂਤਾਂ ਘੜਨੀਆਂ ਸ਼ੁਰੂ ਕਰ ਲਈਆਂ।

ਪਰ ਜਾ ਕਉ ਰਾਖੈ ਰਾਖਣ ਹਾਰਾ। ਤਾਂ ਕਉ ਕੋਇ ਨ ਸਾਕਸਿ ਮਾਰਾ। ੫ : ਮ

ਹੌਲੀ-ਹੌਲੀ ਵਿਚੋਂ ਹੀ ਇਸ ਗੱਲ ਦਾ ਸੁਰਾਗ ਕਿਸੇ ਦਰਦ ਵੰਦ ਨੇ ਮਾਤਾ ਨੂੰ ਆ ਦਿੱਤਾ। ਪਰ ਉਸ ਇਕਲੌਤੇ ਪੁਤਰ ਦੀ ਵਿਧਵਾ ਮਾਂ ਦੀ ਪੀੜਾ ਨੂੰ ਕੌਣ ਜਾਣੇ। ਬਹੁਤ ਵੱਡਾ ਦੁਖਾਂ ਦਾ ਪਹਾੜ ਜਿਵੇਂ ਸਿਰ ਤੇ ਆ ਡਿੱਗਾ। ਅਜੇ ਤਾਂ ਪਤੀ ਵਿਛੋੜੇ ਦਾ ਘਾਉ ਵੀ ਸੱਜਰਾ ਹੀ ਸੀ। ਇਹ ਜਗਤ ਤਾਂ ਪੀੜਾਂ ਹੀ ਦੇਂਦਾ ਹੈ। ਕੋਈ ਵਿਰਲਾ ਹੀ ਪੀੜਾ ਹਰ ਸਕਦਾ ਏ।

ਧਰਮ ਪਰਾਇਣ ਮਾਤਾ ਨੇ ਅਰਦਾਸ ਕਰ ਸਤਿਗੁਰ ਦਾ ਆਸਰਾ ਲੈ ਆਪਣੇ ਲੜਕੇ ਨੂੰ ਉਂਗਲੀ ਲਾ ਆਪਣੇ ਪਿੰਡ ਦੇ ਨੇੜੇ ਸਨਖਤਰ ਜਿਥੇ ਸੰਤ ਟਹਿਲ ਸਿੰਘ ਜੀ ਸਦੋਂਵਾਲੀਆਂ

ਨਾਮਧਾਰੀ ਬੱਚਿਆਂ ਲਈ ਸਕੂਲ ਖੋਲ੍ਹਿਆ ਸੀ, ਸੰਤਾ ਦੇ ਚਰਨਾਂ 'ਚ ਆਪਣੀ ਦੁਖਾਂ ਭਰੀ ਵਿਥਿਆ ਦਸ ਬੱਚੇ ਨੂੰ ਉਥੇ ਹੀ ਪੜਣੇ ਪਾ ਦਿੱਤਾ। ਸੰਤਾਂ ਵੀ ਇਸ ਬੱਚੇ ਵੱਲ ਉਚੇਚਾ ਧਿਆਨ ਰੱਖਿਆ। ਇਥੋਂ ਸੰਤ ਗਿਆਨ ਸਿੰਘ ਹੁਰਾਂ ਬੜੀ ਲਗਨ ਤੇ ਮਿਹਨਤ ਨਾਲ ਵਿੱਦਿਆ ਪ੍ਰਾਪਤ ਕੀਤੀ। ਪਰ "ਭਲੋ ਦੇਖ ਦੁਖ ਭਰੀਐ" ਵਾਲੀ ਬਿਰਤੀ ਰੱਖਣ ਵਾਲਿਆਂ ਨੂੰ ਚੈਨ ਕਿਥੇ। ਉਨ੍ਹਾਂ ਨੇ ਦੂਜੀ ਵਿਉਂਤ ਬਣਾਈ। ਕੋਰੇ ਅਸ਼ਟਾਮ ਕਾਗਜ਼ ਲਿਆ ਕਈ ਤਰ੍ਹਾਂ ਦੇ ਸਬਜ਼ ਬਾਗ਼ ਵਿਖਾ ਮਾਤਾ ਪਾਸੋਂ ਦਸਖਤ ਕਰਾ ਉਨ੍ਹਾਂ ਦੀ ਰੋਟੀ-ਰੋਜ਼ੀ ਦਾ ਸਾਧਨ ਜੋ ਭੋਏਂ (ਜ਼ਮੀਨ) ਸੀ। ਆਪਣੇ ਨਾਮ ਦਾਖ਼ਲ ਖਾਰਜ ਕਰਾਉਣ ਦਾ ਢੰਗ ਬਣਾਇਆ ਤੇ ਇਨ੍ਹਾਂ ਨੂੰ ਘਰੋਂ ਕੱਢ ਬਾਹਰ ਹਵੇਲੀ ਵਿੱਚ ਇਕ ਕੋਠੇ ਵਿੱਚ ਰਹਿਣ ਲਈ ਮਜਬੂਰ ਕਰ ਦਿੱਤਾ। ਓਧਰ ਬੱਚੀ ਨੂੰ ਕਿਸ਼ੋਰ ਅਵਸਥਾ ਵਿੱਚ ਵੇਖ ਗੁਰਪੁਰ ਵਾਸੀ ਪਤੀ ਦੇਵ ਸੰਤ ਨਾਨਕ ਸਿੰਘ ਦਾ ਅੰਤ ਸਮੇਂ ਦਾ ਬਚਨ ਯਾਦ ਆਵੇ। ਕਹਿ ਗਏ ਸੀ, "ਕੋਈ ਗੁਰਮੁਖ ਗੁਰਸਿਖ ਲੜਕਾ ਵੇਖ ਨ੍ਹਾਮੀ ਦਾ ਅਨੰਦ ਕਰ ਦੇਣਾ।" ਰਾਤ ਦਿਨ ਇਹ ਸੋਚ ਵੱਢ-ਵੱਢ ਖਾਂਦੀ ਸੀ। ਕੁਦਰਤ ਨੇ ਐਸਾ ਢੋਅ ਬਣਾਇਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਦੌਰਾ ਸਨਖਤਰੇ ਆਇਆ। ਨਾਲ ਸਨ ਹਜ਼ੂਰੀ ਰਾਗੀ ਸੰਤ ਸੋਹਣ ਸਿੰਘ, ਪਾਲਾ ਸਿੰਘ ਤੇ ਦਿਆਲ ਸਿੰਘ। ਸੰਤ ਟਹਿਲ ਸਿੰਘ ਨੇ ਮਾਤਾ ਦੀ ਸਾਰੀ ਵਿਥਿਆ ਸਤਿਗੁਰੂ ਜੀ ਦੇ ਚਰਨਾਂ 'ਚ ਅਰਜ਼ ਕੀਤੀ। ਨਾਲ ਹੀ ਬੀਬੀ ਦੇ ਅਨੰਦ ਕਾਰਜ ਵਾਸਤੇ ਬੇਨਤੀ ਕੀਤੀ। ਸਤਿਗੁਰੂ ਜੀ ਕ੍ਰਿਪਾ ਕੀਤੀ ਆਪਣੀ ਰਜ਼ਾ ਅੰਦਰ ਮੇਲੇ ਵਿੱਚ ਹੀ ਬੀਬੀ ਦਾ ਅਨੰਦ ਰਾਗੀ ਦਿਆਲ ਸਿੰਘ ਨਾਲ ਕਰ ਦਿੱਤਾ। ਉਥੋਂ ਹੀ ਬੀਬੀ ਨ੍ਹਾਮੀ ਸੌਹਰੇ ਘਰ ਪਿੰਡ ਮਾੜੀ ਪੰਨਵਾਂ ਚਲੀ ਗਈ। ਏਥੇ ਇਹ ਵੀ ਅਰਜ਼ ਕਰ ਦਿਆਂ ਕਿ ਬਚਪਨ ਤੋਂ ਆਖਰੀ ਦਮ ਤੱਕ ਸੰਤਾਂ ਨਾਲ ਨਿਭਨ ਵਾਲੇ ਕੀਰਤਨ ਦੇ ਸਹਿਯੋਗੀ ਸੰਤ ਦਾਨ ਸਿੰਘ ਇਨ੍ਹਾਂ ਹੀ ਸੰਤ ਦਿਆਲ ਸਿੰਘ ਰਾਗੀ ਦੇ ਸਪੁੱਤਰ ਸਨ। ਭਾਵ ਸੰਤ ਗਿਆਨ ਸਿੰਘ ਜੀ ਦੇ ਭਾਣਜੇ।

ਕੁਝ ਦਿਨਾਂ ਬਾਅਦ ਜਦੋਂ ਬੀਬੀ ਸੌਹਰੇ ਘਰੋਂ ਪੇਕੇ ਆਈ ਤਾਂ ਇਕ ਬਹੁਤ ਨੇੜੇ ਦਾ ਸ਼ਰੀਕ ਆਪਣੇ ਘਰ ਲੈ ਗਿਆ। ਤਾਂ ਬੜਾ ਊਲ ਜਲੂਲ ਜੋ ਮੂੰਹ ਆਇਆ ਬੋਲੀ ਗਿਆ। ਦੂਜੇ ਪਿੰਡ ਜਾ ਐਸੇ ਮੁੰਡੇ ਨਾਲ ਵਿਆਹ ਕਰ ਦਿੱਤਾ ਏ ਜਿਸ ਦਾ ਨਾ ਘਰ ਨ ਘਾਟ, ਵਾਜਾ ਢੋਲਕ ਚੁੱਕੀ ਫਿਰਦਾ ਮੰਗ ਖਾਂਦਾ ਏ। ਖਾਨਦਾਨ ਦਾ ਨੱਕ ਵੱਢ ਦਿੱਤਾ ਏ। ਅਸਾਂ ਕੁੜੀ ਨੂੰ ਓਥੇ ਨਹੀਂ ਤੋਰਨਾ। ਤੇ ਆਪ ਕੋਈ ਚੰਗਾ ਸਾਊ ਘਰ ਵੇਖ ਸਜ-ਧਜ ਨਾਲ ਵਿਆਹ ਕਰਾਂਗੇ।

ਐਸੇ ਦੁਖਾਂ ਦੀ ਚੱਕੀ ਵਿੱਚ ਪਿਸਦੀ ਮਾਤਾ ਨੂੰ ਇਕ ਹੋਰ ਗਹਿਰੀ ਸੱਟ ਵਜੀ। (ਬੀਤ ਗਈ ਦੀ ਯਾਦ ਪਈ ਹਡਾਂ ਨੂੰ ਖਾਵੇ। ਔਣ ਵਾਲੀ ਦਾ ਸਹਿਮ ਪਿਆ ਮਨ ਨੂੰ ਸੰਤਾਵੇ।) ਕੌਣ ਜਾਣੇ ਉਸ ਦੁਖਿਆਰੀ ਮਾਂ ਦੀ ਪੀੜਾ ਨੂੰ। ਇਹ ਜਗਤ ਤਾਂ ਪੀੜਾ ਹੀ ਦੇਂਦਾ ਹੈ। ਸੁਖ! ਉਸ ਧਾਰਮਿਕ ਆਸਥਾ ਵਾਲੀ ਮਾਤਾ ਨੇ ਸਤਿਗੁਰ ਦਾ ਆਸਰਾ ਲੈ ਫਿਰ ਸਨਖਤਰੇ ਸੰਤ ਟਹਿਲ ਸਿੰਘ ਹੁਰਾਂ ਪਾਸ ਆਪਣੀ ਦੁਖਾਂ ਭਰੀ ਗਠੜੀ ਜਾ ਖੋਲ੍ਹੀ। ਇਸ ਪਰਉਪਕਾਰੀ ਮਹਾਂ ਪੁਰਸ਼ ਨੇ ਤਹਿਸੀਲਦਾਰ ਚੰਦਾ ਸਿੰਘ ਅੱਗੇ ਜੋ ਸੰਤਾਂ ਦੇ ਬਹੁਤ ਸ਼ਰਧਾ ਰੱਖਦਾ ਸੀ ਸਾਰੀ ਵਿਥਿਆ ਖੋਲ੍ਹ ਦੱਸੀ। ਕੋਲ ਹੀ ਸੀ ਮਾਤਾ ਦਾ ਲਖਤੇ ਜਿਗਰ ਜਿਸ ਨੇ ਅਜੇ ਕਿਸ਼ੋਰ ਅਵਸਥਾ ਵਿੱਚ ਪੈਰ ਹੀ ਰੱਖਿਆ ਸੀ। ਦੂਜੇ ਦਿਨ ਹੀ ਤਹਿਸੀਲਦਾਰ ਸਾਹਿਬ ਨੇ ਆਪਣੇ ਕਰਮਚਾਰੀਆਂ ਸਮੇਤ ਪਿੰਡ ਵੀਰੋਕੇ ਦੌਰਾ ਰੱਖ ਲਿਆ। ਨਗਰ ਨਿਵਾਸੀਆਂ ਨੂੰ ਸਦਿਆ ਤੇ ਆਖਿਆ ਲਿਆਉ ਭਈ ਜਿਸ-ਜਿਸ ਨੇ ਇੰਤਕਾਲ ਵਗੈਰਾ ਕਰਾਉਣਾ ਹੈ ਆਪਣੇ-ਆਪਣੇ ਕਾਗਜ਼ਾਤ ਦਿਉ। ਸਭ ਤੋਂ ਪਹਿਲਾਂ ਉਨ੍ਹਾਂ ਹੀ ਕਾਗਜ਼ ਪੇਸ਼ ਕੀਤੇ, ਜਿਨ੍ਹਾਂ ਕੋਰੇ ਕਾਗਜ਼ਾਂ ਤੇ ਮਾਤਾ ਦੇ ਦਸਖਤ ਕਰਾਇ ਸਨ। ਉਸ ਵਿਚਾਰੇ ਨੂੰ ਕੀ ਪਤਾ ਸੀ ਕਿ ਤਹਿਸੀਲਦਾਰ ਸਾਹਿਬ ਕਿਸ ਕੰਮ ਆਏ ਹਨ। ਤਹਿਸੀਲਦਾਰ ਨੇ ਦੂਜੀ ਧਿਰ ਮਾਤਾ ਕਰਮ ਕੌਰ ਨੂੰ ਵੀ ਬੁਲਾ

ਲਿਆ ਤੇ ਪੁਛਿਆ ਮਾਤਾ ਜੀ ਤੁਸਾਂ ਜੋ ਜ਼ਮੀਨ ਇਨ੍ਹਾਂ ਨੂੰ ਦਿੱਤੀ ਹੈ ਉਸ ਦੇ ਪੈਸੇ ਲੈ ਲਏ ਹਨ। ਮਾਤਾ ਕਿਹਾ ਨ ਜੀ ਮੈਂ ਤੇ ਕੋਈ ਜ਼ਮੀਨ ਇਨ੍ਹਾਂ ਨੂੰ ਨਹੀਂ ਦਿੱਤੀ ਤੇ ਨ ਹੀ ਕੋਈ ਪੈਸਾ ਲਿਆ ਏ। ਕਾਗਜ਼ਾਂ ਤੇ ਦਸਖਤ ਕਰਾ ਕੇ ਲੈ ਗਏ ਸੀ ਤੇ ਕਹਿੰਦੇ ਰਹੇ ਸਰਕਾਰ ਵੱਲੋਂ ਸਭ ਨੂੰ ਪੈਸੇ ਮਿਲਣ ਵਾਲੇ ਹਨ।

ਤਹਿਸੀਲਦਾਰ ਕੁਝ ਰੋਹ ਵਿੱਚ ਡਾਂਟ ਕੇ ਕਿਹਾ। ਓਇ ਇਤਨਾ ਧੋਖਾ ਤੇ ਵਿਸਾਹਘਾਤ ਇਕ ਬੇ-ਸਹਾਰਾ ਵਿਧਵਾ ਨਾਲ। ਉਹ ਕਾਗਜ਼ ਸਭ ਦੇ ਸਾਹਮਣੇ ਪਾੜੇ, ਤੇ ਕਿਹਾ ਤੈਨੂੰ ਹੁਣ ਮੈਂ ਇੰਤਕਾਲ ਕਰਕੇ ਦਿਆਂਗਾ। ਮਾਤਾ ਦੀ ਲੜਕੀ ਵੀ ਤੇਰੇ ਪਾਸ ਹੈ?

ਥਿਰਕਵੀਂ ਜ਼ਬਾਨ ਨਾਲ! ਹਾਂ...ਜੀ। ਲੜਕੀ ਨੂੰ ਵੀ ਮੰਗਵਾਇਆ, ਬੱਚੀ ਦੇ ਸਿਰ ਤੇ ਪਿਆਰ ਦਿੱਤਾ। ਕਿਸ਼ੋਰ ਗਿਆਨ ਸਿੰਘ ਤੇ ਉਸ ਦੀ ਲਡਿੱਕੀ ਭੈਣ ਨੂੰ ਬਾਹਵਾਂ ਦੇ ਕਲਾਵੇ ਵਿੱਚ ਲੈ ਗਰਜਵੀਂ ਆਵਾਜ਼ ਵਿੱਚ ਨਗਰ ਨਿਵਾਸੀਆਂ ਨੂੰ ਸੰਬੋਧਨ ਕਰ ਇਨ੍ਹਾਂ ਬੱਚਿਆਂ ਦਾ ਵਾਰਸ ਅੱਜ ਤੋਂ ਮੈਂ ਹਾਂ। ਜਿਸ ਕਿਸੇ ਵੀ ਇਨ੍ਹਾਂ ਵੱਲ ਕੈਰੀ ਅੱਖ ਨਾਲ ਵੇਖਿਆ। ਉਹ ਸਮਝ ਲਵੇ ਕਿ ਉਨ੍ਹਾਂ ਲਈ ਮੈਥੋਂ ਬੁਰਾ ਹੋਰ ਕੋਈ ਨਹੀਂ ਤੇ ਇਸ ਦੇ ਵੰਢੀਂਦੇ ਨੱਕ ਦੀ ਮਰਹਮ ਪੱਟੀ ਵੀ ਮੈਂ ਕਰ ਲਵਾਂਗਾ। ਜਿਸ ਘਰ ਵਿਚੋਂ ਸ਼ਰੀਕਾਂ ਕੱਢਿਆ ਸੀ, ਇਸ ਨੰਨੇ ਜਹੇ ਪਰਿਵਾਰ ਨੂੰ ਤਹਿਸੀਲਦਾਰ ਸਾਹਿਬ ਨੇ ਉਸੇ ਘਰ ਵਿੱਚ ਫਿਰ ਵਸਾਇਆ ਤੇ ਆਪਣੇ ਕਰਮਚਾਰੀਆਂ ਨੂੰ ਪੱਕੀ ਤਾਕੀਦ ਕੀਤੀ ਕਿ ਆਉਂਦੇ-ਜਾਂਦੇ ਇਨ੍ਹਾਂ ਦੀ ਖ਼ਬਰ-ਸੁਰਤ ਲੈਂਦੇ ਰਹਿਣਾ ਤੇ ਮੈਨੂੰ ਵੀ ਦਸਦੇ ਰਹਿਣਾ ਤੇ ਮਾਤਾ ਨੂੰ ਹੌਂਸਲਾ-ਧੀਰਜ ਦੇ ਕਿਹਾ, "ਤੁਸੀਂ ਕਿਸੇ ਕਿਸਮ ਦੀ ਚਿੰਤਾ ਨਹੀਂ ਕਰਨੀ। ਭੈ-ਮੁਕਤ ਹੋ ਕੇ ਰਹਿਣਾ। ਕਿਸੇ ਕਿਸਮ ਦੀ ਤਕਲੀਫ਼ ਸਾਹਮਣੇ ਆਵੇ ਸੰਤਾਂ ਰਾਹੀਂ ਮੈਨੂੰ ਪਤਾ ਦੇਣਾ। ਮੈਂ ਫੌਰਨ ਹਾਜ਼ਰ ਹੋਵਾਂਗਾ।"

ਸ਼ਰੀਕਾਂ ਤੋਂ ਡਰਦਿਆਂ ਗਿਆਨ ਸਿੰਘ ਜੀ ਨੂੰ ਮਾਤਾ ਪਿੰਡ ਨਹੀਂ ਸੀ ਆਉਣ ਦੇਂਦੀ। ਪਰ ਹੁਣ ਭੈ-ਮੁਕਤ ਹੋ ਗਿਆਨ ਸਿੰਘ ਪਿੰਡ ਮਾਤਾ ਕੋਲ ਆ ਰਹਿੰਦਾ ਤੇ ਸਨਖਤਰੇ ਪੜ੍ਹਨ ਵੀ ਚਲਾ ਜਾਂਦਾ। ਮਮਤਾ ਦੀ ਮਾਰੀ ਮਾਂ ਨੇ ਆਪਣੇ ਲਾਲ ਦੇ ਪਾਲਣ-ਪੋਸਣ ਵਿੱਚ ਆਪਣੀਆਂ ਸਾਰੀਆਂ ਰੀਝਾਂ-ਅਤੁਲਵਾਂ ਪਿਆਰ, ਸੁਹਿਰਦਤਾ, ਧੀਰਜ, ਸਬਰ-ਸੰਤੋਖ ਆਦਿ ਆਪਣੇ ਸ਼ੁਭ ਗੁਣਾਂ ਦੇ ਅਮਿਨਵੇਂ ਭੰਡਾਰ ਵਿਚੋਂ ਇਸ ਬੱਚੇ ਦੇ ਅੰਦਰ ਉਡੇਲ ਦਿੱਤਾ।

ਸਨਖਤਰੇ ਪੜ੍ਹਦਿਆਂ ਸੰਗਤ ਵੀ ਮਹਾਂਪੁਰਸ਼ਾਂ ਦੀ ਸੀ। ਘਰ ਵਿੱਚ ਮਾਤਾ ਨੇ ਅੰਮ੍ਰਿਤ ਵੇਲੇ ਇਸ਼ਨਾਨ ਕਰ ਨਿੱਤ ਨੇਮ ਕਰਦਿਆਂ, ਚੱਕੀ 'ਚ ਆਟਾ ਪੀਂਹਦਿਆਂ, ਚਾਟੀ ਵਿੱਚ ਦੁੱਧ ਰਿੜਕਣ ਦੀ ਗੜ੍ਹੂੰ-ਗੜ੍ਹੂੰ ਦੀ ਮਿੱਠੀ ਸੁਰ ਨਾਲ 'ਭਗਤ ਵੱਡਾ ਰਾਜ ਜਨਕ ਹੈ ਜਿਨ ਸਿਮਰਨ ਕੀਆਬਬੇਕ।। ਸ਼ਬਦ ਪੜ੍ਹਦਿਆਂ ਨਾਲ ਪੜ੍ਹਨ ਲਈ ਪ੍ਰੇਰਤ ਕੀਤਾ। ਛੋਟੀ ਉਮਰ ਵਿੱਚ ਹੀ ਉਂਗਲੀ ਲਾ ਨਾਮਧਾਰੀ ਮੇਲਿਆਂ, ਦੀਵਾਨਾਂ ਵਿੱਚ ਲਿਜਾ ਸਤਿਗੁਰਾਂ ਤੇ ਸਾਧ ਸੰਗਤ ਦੇ ਦਰਸ਼ਨਾਂ ਦੀ ਚੇਟਕ ਲਾਈ। ਐਸੀ ਉਚੀ-ਸੁਚੀ ਸੰਗਤ ਤੇ ਮਾਤਾ ਦੀਆਂ ਸ਼ੁਭ ਕਾਮਨਾਵਾਂ ਤੇ ਅਸ਼ੀਰਵਾਦ ਸਦਕਾ ਸ਼ਬਦ ਪੜ੍ਹਨ ਦੀ ਰੁਚੀ ਵੀ ਬਣ ਗਈ। ਨਾਲ ਹੀ ਭੈਣ ਨ੍ਹਾਮੀ ਦੇ ਅਨੰਦ ਕਾਰਜ ਕਰਕੇ ਦੁਨੀਆਦਾਰੀ ਦੀ ਸਾਂਝ ਵੀ ਰਾਗੀ ਪਰਿਵਾਰ ਨਾਲ ਬਣ ਗਈ। ਕੁਝ ਸਮਾਂ ਉਨ੍ਹਾਂ ਨਾਲ ਰਹਿ ਕੇ ਤੀਖਣ-ਬੁੱਧੀ ਹਾਸ ਕਰ ਰਾਗਾਂ ਵਿੱਚ ਕੀਰਤਨ ਕਰਨ ਦੀ ਸਿੱਖਿਆ ਪ੍ਰਾਪਤ ਕੀਤੀ।

ਗੁਰਮੁਖਿ ਸੰਗ-ਸੰਗੀਆਂ ਨਾਲ ਰਲ ਸ਼ਬਦ ਪੜ੍ਹਨ ਲਗ ਪਏ। ਪਿੰਡ ਦਾ ਜੱਥਾ ਬਣ ਗਿਆ। ਮਨ ਵਿੱਚ ਮਿਠਾਸ, ਤੀਖਣ ਬੁੱਧੀ ਤੇ ਨਿਮ੍ਰ ਮਿਲਾਪੜੇ ਸੁਭਾ ਕਰਕੇ ਸਭ ਨੂੰ ਚੰਗੇ ਲੱਗਦੇ। ਸਾਧ-ਸੰਗਤ ਵੱਲ ਜਦੋਂ ਚੰਗਾ ਹੁੰਗਾਰਾ ਮਿਲਿਆ। ਸਤਿਗੁਰ ਜੀ ਦੀ ਕ੍ਰਿਪਾ ਨਾਲ ਵਿਦਵਾਨ ਮਹਾਂਪੁਰਸ਼ਾਂ ਦੀ ਸੰਗਤ ਦਾ ਅਵਸਰ ਵੀ ਪ੍ਰਾਪਤ ਹੋਇਆ। ਜਿਨ੍ਹਾਂ ਵਿਚੋਂ ਸੰਤ ਟਹਿਲ ਸਿੰਘ ਜੀ ਤਾਂ ਇਨ੍ਹਾਂ ਦੇ

ਬਚਪਣ ਦੇ ਜੀਵਨ ਉਸਰਈਏ ਹੀ ਸਨ। ਇਨ੍ਹਾਂ ਤੋਂ ਇਲਾਵਾ ਸੰਤ ਲਾਲ ਸਿੰਘ ਜੀ "ਭੂਰੇਗਿਲ", ਸੰਤ ਨਿਧਾਨ ਸਿੰਘ ਜੀ "ਆਲਿਮ", ਸੰਤ ਫਤਿਹ ਸਿੰਘ ਜੀ "ਮਾਂਗਾ" ਇਨ੍ਹਾਂ ਮਹਾਂਪੁਰਸ਼ਾਂ ਦੀ ਸੰਗਤ ਨੇ ਤਾਂ ਸੋਨੇ ਤੇ ਸੁਹਾਗੇ ਵਾਲਾ ਕੰਮ ਕੀਤਾ। ਸੰਤ ਫਤਹਿ ਸਿੰਘ ਜੀ ਤਾਂ ਉਚੇਚੇ ਇਨ੍ਹਾਂ ਦਾ ਦੀਵਾਨ ਸੁਣਦੇ ਤੇ ਲੋੜ ਪੈਣ ਤੇ ਸੋਧ ਵੀ ਕਰਦੇ।

ਜ਼ਿਕਰ ਕੁਝ ਵਿਸ਼ੇਸ਼ ਦੀਵਾਨਾਂ ਦਾ

ਆਪ ਜੀ ਦੇ ਦੀਵਾਨ ਦਾ ਖ਼ਾਸ ਵਾਧਾ ਇਹ ਹੁੰਦਾ ਕਿ ਗੁਰਬਾਣੀ ਦੇ ਸ਼ਬਦ ਤੋਂ ਆਰੰਭ ਕਰਨਾ। ਧਾਰਨਾ ਵੀ ਸ਼ਬਦ 'ਚੋਂ ਪੜ੍ਹਨੀ ਤੇ ਆਪਣੇ ਸ਼ੁਰੂ ਕੀਤੇ ਮਜ਼ਮੂਨ ਤੇ ਪ੍ਰਮਾਣ ਵੀ ਗੁਰਬਾਣੀ 'ਚੋਂ ਦੇਣੇ। ਬਾਹਰ ਦੀ ਧਾਰਨਾ ਜਾਂ ਕਵਿਤਾ ਨੂੰ ਬਹੁਤ ਘੱਟ ਵਰਤੋਂ ਵਿੱਚ ਲਿਆਉਂਦੇ। ਇੱਕ ਵਾਰ ਦਾ ਜ਼ਿਕਰ ਹੈ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ ਆਪ ਦਾ ਦੀਵਾਨ ਲੱਗਾ ਹੋਇਆ ਸੀ। ਸ਼ਬਦ ਦੀ ਟੇਕ ਸੀ "ਮਾਖੀ ਤੂ ਰਾਮ ਕੀ ਮਾਖੀ" ਗੁਰਬਾਣੀ ਦੇ ਅੱਕਟ ਪ੍ਰਮਾਣਾ ਨਾਲ ਇਸ ਸ਼ਬਦ ਦੀ ਐਸੀ ਵਿਆਖਿਆ ਕੀਤੀ ਜਿਸ ਤੇ ਸਤਿਗੁਰ ਜੀ ਨੇ ਅਤਿ ਪ੍ਰਸੰਨ ਮੁਦਰਾ ਵਿੱਚ ਬੇਅੰਤ ਖ਼ੁਸ਼ੀਆਂ ਬਖਸ਼ਸ਼ ਕੀਤੀਆਂ।

ਇਸ ਤਰ੍ਹਾਂ ਹੀ ਇਕ ਵਾਰ ਆਸਾ ਦੀ ਵਾਰ (ਵਾਰਾ) ਲੱਗਾ ਹੋਇਆ ਸੀ। ਸ੍ਰੀ ਸਤਿਗੁਰੂ ਜੀ ਵਾਲੇ ਪਾਸੇ ਹੀ ਆਪ ਬੋਲ ਰਹੇ ਸਨ। ਦੂਜੇ ਪਾਸੇ ਰਾਗੀ ਤੇ ਉਹਨਾਂ ਦੇ ਹੋਰ ਸਹਿਯੋਗੀ। ਸੁਰ ਸਵਾਦ ਤੋਂ ਇਲਾਵਾ ਆਪ ਇਤਨੇ ਗੁਰਬਾਣੀ ਦੇ ਢੁਕਵੇਂ ਪ੍ਰਮਾਣ ਦੇ ਰਹੇ ਸਨ। ਬੇਅੰਤ ਖ਼ੁਸ਼ੀਆਂ ਸਤਿਗੁਰੂ ਜੀ ਵੱਲੋਂ ਮਿਲ ਰਹੀਆਂ ਸਨ। ਇਤਨੇ ਨੂੰ ਸੰਤ ਆਲਾ ਸਿੰਘ ਜੀ 'ਜਿਨ੍ਹਾਂ ਦਾ ਨਾਮਧਾਰੀ ਜਗਤ ਵਿੱਚ ਬਹੁਤ ਸਤਿਕਾਰ ਤੇ ਮਾਨ ਸੀ' ਦੇ ਸੇਵਕ ਠਾਕੁਰ ਕਰਮ ਸਿੰਘ (ਜੋ ਅੱਜ-ਕੱਲ੍ਹ ਸੰਤ ਨਗਰ ਸੰਤਾਂ ਦੇ ਡੇਰੇ ਦੀ ਸੇਵਾ-ਸੰਭਾਲ ਕਰਦੇ ਹਨ) ਸੰਤਾਂ ਵਾਸਤੇ ਸਰਦਾਈ ਲੈ ਕੇ ਆਏ। ਸੰਤਾਂ ਨੇ ਉਹ ਆਪਣੇ ਲਈ ਆਈ ਸਰਦਾਈ ਸੰਤ ਗਿਆਨ ਸਿੰਘ ਹੁਰਾਂ ਨੂੰ ਛਕਾਂਦਿਆਂ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ। ਇਸ ਤੋਂ ਪਹਿਲਾਂ ਸ਼ਾਇਦ ਸੰਤ ਆਲਾ ਸਿੰਘ ਜੀ ਸੰਤ ਗਿਆਨ ਸਿੰਘ ਜੀ ਤੋਂ ਜਾਣੂ ਨਹੀਂ ਸਨ। ਸੰਤ ਆਲਾ ਸਿੰਘ ਜੀ ਸ੍ਰੀ ਸਤਿਗੁਰੂ ਜੀ ਕੋਲੋਂ ਬੇਨਤੀ ਕਰ ਪੁਛਿਆ! ਸਚੇ ਪਾਤਸ਼ਾਹ ਜੀ ਇਹ ਕਾਕਾ ਗਿਆਨ ਸਿੰਘ ਕੌਣ ਹੈ। ਸਤਿਗੁਰ ਜੀ ਫਰਮਾਇਆ। ਸੰਤ ਜੀ ਇਹ ਮੇਰਾ ਸੌ ਗਿਆਨੀਆਂ ਵਰਗਾ ਇਕ ਗਿਆਨੀ ਹੈ। ਨਾਲੇ ਹੋਰ ਜਾਣਕਾਰੀ ਦਿੱਤੀ।

ਦਿੱਲੀ ਤੋਂ ਸੰਤ ਗੁਪਾਲ ਸਿੰਘ ਕੌਮੀ ਦੱਸਦੇ ਹਨ ਕਿ ਇਕ ਵਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੇਲੇ ਵਿੱਚ ਦੀਵਾਨ ਬੰਦ ਕਰ ਦਿੱਤੇ ਤੇ ਕੇਵਲ ਨਾਮ ਸਿਮਰਨ ਵਾਸਤੇ ਸੰਗਤ ਨੂੰ ਹੁਕਮ ਕੀਤਾ। ਦੋ ਦਿਨ ਏਦਾਂ ਹੀ ਬੀਤ ਗਏ। ਆਖਿਰ ਸਾਧ ਸੰਗਤ ਨੇ ਗੁਰ ਚਰਨਾਂ 'ਚ ਹਾਜ਼ਰ ਹੋ ਬੇਨਤੀ ਕੀਤੀ, "ਸੱਚੇ ਪਾਤਸ਼ਾਹ ਜੀ ਦੀਵਾਨਾਂ ਤੋਂ ਬਗ਼ੈਰ ਮੇਲੇ 'ਚ ਰੌਣਕ ਨਹੀਂ। ਕ੍ਰਿਪਾ ਕਰੋ ਦੀਵਾਨਾਂ ਵਾਸਤੇ ਆਗਿਆ ਬਖਸ਼ੋ ਜੀ।" ਸਤਿਗੁਰੂ ਜੀ ਫੁਰਮਾਇਆ, ਦੀਵਾਨ ਉਹ ਜਥੇਦਾਰ ਲਾਵੇ ਜੋ ਕੇਵਲ ਗੁਰਬਾਣੀ ਦਾ ਕੀਰਤਨ ਕਰੇ। ਵਿਆਖਿਆ ਨਹੀਂ ਕਰਨੀ।

ਜਦੋਂ ਹੋਰ ਜਥੇਦਾਰਾਂ ਵੱਲੋਂ ਅਸਮਰਥਾ ਦਿਖਾਈ ਗਈ ਤਾਂ ਸਤਿਗੁਰ ਜੀ ਨੇ ਮਿੱਠੀ ਮੁਸਕਰਾਹਟ ਨਾਲ ਸੰਤ ਗਿਆਨ ਸਿੰਘ ਜੀ ਵੱਲ ਤਕਿਆ। ਸੰਤਾਂ ਸਤਿਗੁਰੂ ਜੀ ਦਾ ਇਸ਼ਾਰਾ ਸਮਝ ਅਰਜ਼ ਕੀਤੀ, "ਗ਼ਰੀਬ ਨਿਵਾਜ਼ ਜੀ ਜੋ ਆਪ ਜੀ ਦਾ ਹੁਕਮ" ਸੰਤਾਂ ਨੇ ਆਪਣੇ ਸਹਿਯੋਗੀ ਸੰਤ ਦਾਨ ਸਿੰਘ ਤੇ ਸਾਥੀਆਂ ਨਾਲ ਚਾਰ ਘੰਟੇ ਨਿਰੋਲ ਗੁਰਬਾਣੀ ਦਾ ਕੀਰਤਨ ਕੀਤਾ। ਕੀਰਤਨ ਸ਼ੁਰੂ ਕਰਨ ਲੱਗਿਆਂ ਕੇਵਲ ਏਨਾਂ ਹੀ ਬਚਨ ਕੀਤਾ ਸੀ ਕਿ ਸਾਧ ਸੰਗਤ ਜੀ ਮੈਂ ਕੀਰਤਨ ਕਰੀ ਜਾਣਾ ਏ। ਸਮਝਣਾ ਤੇ ਸੁਣਨਾ ਤੁਹਾਡਾ ਕੰਮ ਹੈ। ਏਨਾਂ ਕੁ ਕਹਿਣ ਦੀ ਵੀ ਖ਼ਿਮਾ ਜਾਚਨਾ ਕੀਤੀ। ਸਾਧ ਸੰਗਤ ਸਿਮਰਨ ਕਰਦਿਆਂ ਨਾਮ ਰਸ ਵਿੱਚ ਮਗਨ ਹੋ ਕੀਰਤਨ ਦਾ ਅਨੰਦ ਮਾਣਿਆਂ।

ਇਸ ਤਰ੍ਹਾਂ ਹੀ ਦਿੱਲੀ ਤੋਂ ਸ੍ਰ. ਜਾਗੀਰ ਸਿੰਘ ਹੁਰਾਂ ਦੱਸਿਆ। ਕਿ ਜਦੋਂ ਨਾਮਧਾਰੀ ਧਰਮਸ਼ਾਲਾ ਪਹਾੜ ਗੰਜ ਹੁੰਦੀ ਸੀ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਡੇਰਾ ਸ੍ਰ. ਸੁੱਚਾ ਸਿੰਘ ਦੇ ਕੁਆਟਰਾਂ ਵਿੱਚ ਹੁੰਦਾ ਸੀ। ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਧਰਮਸਾਲਾ ਮਨਾਇਆ ਜਾ ਰਿਹਾ ਸੀ। ਸ੍ਰੀ ਸਤਿਗੁਰੂ ਜੀ ਨੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਭੋਗ ਉਪਰੰਤ ਹੁਕਮ ਕੀਤਾ ਕਿ ੮.੦੦ ਵਜੇ ਤੋਂ ਜਥੇ. ਗਿਆਨ ਸਿੰਘ ਦਾ ਦੀਵਾਨ ਲਗੇਗਾ। ਸੰਤਾਂ ਨੇ ਆਪਣੇ ਸਹਿਯੋਗੀ ਸੰਤ ਦਾਨ ਸਿੰਘ ਤੇ ਹੋਰ ਸਾਥੀਆਂ ਨਾਲ ਅੱਠ ਵਜੇ ਕੀਰਤਨ ਸ਼ੁਰੂ ਕੀਤਾ ਤੇ ਸਤਿਗੁਰੂ ਜੀ ਦੇ ਹਜ਼ੂਰੀਏ ਦੀਵਾਨ ਪ੍ਰਬੰਧਕ ਸ੍ਰ. ਦਇਆ ਸਿੰਘ ਨੇ ਪਿਛਲੇ ਪਹਿਰ ਰਾਗੀਆਂ ਦੇ ਦੀਵਾਨ ਸਮੇਂ ਚਾਰ ਵਜੇ ਦੀਵਾਨ ਦਾ ਭੋਗ ਪਵਾਇਆ। ਪੂਰੇ ਅੱਠ ਘੰਟੇ ਦੀਵਾਨ ਲੱਗਾ ਰਿਹਾ। ਪ੍ਰਭਾਵਤ ਹੋ ਬਹੁਤ ਸਰੀਰਾਂ ਭਜਨ ਪੁਛ ਮਾਸ-ਸ਼ਰਾਬ ਛੱਡਣ ਦਾ ਪ੍ਰਣ ਕੀਤਾ।

ਸੰਤ ਗਿਆਨ ਸਿੰਘ ਜੀ ਦੇ ਕੀਰਤਨ ਤੇ ਸ਼ਬਦ ਵਿਆਖਿਆ ਦੀ ਗਲ ਕਰਾਂ ਤਾਂ ਸੰਤ ਜਗਦੀਸ਼ ਸਿੰਘ ਵਰਿਆਮ ਜੀ ਦੇ ਕਥਨ ਅਨੁਸਾਰ, ਜਿਵੇਂ ਗੰਡੇ (ਪਿਆਜ਼) ਦੀਆਂ ਕਈ ਪਰਤਾਂ ਉਪਰੋਂ ਉਤਾਰ ਕੇ ਥਲਿਓਂ ਇਕ ਤੁਰੀ ਜਹੇ ਦੇ ਰੂਪ ਵਿੱਚ ਉਸ ਦਾ ਤੱਤ ਨਿਕਲਦਾ ਏ। ਏਵੇਂ ਹੀ ਗੁਰਬਾਣੀ ਦੇ ਸ਼ਬਦ ਦੇ ਬਾਰੀਕ ਤੋਂ ਬਾਰੀਕ ਅਰਥਾਂ ਤੋਂ ਬਹੁਤ ਸਰਲ ਸ਼ਬਦਾਵਲੀ ਵਿੱਚ ਉਸ ਦੀ ਵਿਆਖਿਆ ਕਰਨੀ, ਜੋ ਸਹਿਜੇ ਹੀ ਸਰੋਤਿਆਂ ਦੇ ਦਿਲੋ-ਦਿਮਾਗ ਤੇ ਅਸਰ ਕਰਦਾ ਨਾਮਧਾਰੀ ਪੰਥ ਦੇ ਮਹਾਨ ਵਿਦਵਾਨ, ਵੇਦਾਂਤ ਆਚਾਰੀਯ ਸੰਤ ਮਹਿੰਦਰ ਸਿੰਘ ਜੀ ਜਿਨ੍ਹਾਂ ਦਾ ਪਿਛੋਕੜ ਉਸ ਮਹਾਨ ਗੁਰਸਿੱਖ ਪਰਿਵਾਰ ਨਾਲ ਹੈ, ਜਿਨ੍ਹਾਂ ਨੇ ਆਪਣੇ ਧਨ-ਧਾਮ ਦੀ ਪ੍ਰਵਾਹ ਨ ਕਰਦਿਆਂ ਉਸ ਪ੍ਰਦੇਸੀ ਪ੍ਰੀਤਮ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਬਦੇਸ਼ਾਂ ਵਿੱਚ ਜਾ ਦਰਸ਼ਨ ਕੀਤੇ ਤੇ ਹੁਕਮ ਨਾਮੇ ਲਿਆ ਗੁਰੂ ਹਰੀ ਸਿੰਘ ਜੀ ਨੂੰ ਦਿੱਤੇ ਤੇ ਦੁਨਿਆਵੀ ਰਿਸ਼ਤੇ ਨਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕੁੜਮ ਲੱਗਦੇ ਹਨ ਤੇ ਗੁਰ ਸਿੱਖੀ ਦੇ ਨਾਤੇ ਸਤਿਗੁਰ ਜੀ ਦੇ ਪ੍ਰਮ ਸ਼ਰਧਾਲੂ ਸਿੱਖਾਂ ਵਿਚੋਂ ਪ੍ਰਮ ਸਿੱਖ ਹਨ। ਆਪ ਜੀ ਨੇ ਦੱਸਿਆ ਪਤਾ ਨਹੀਂ ਕੀ ਖੇਡ ਵਰਤੀ ਕੁਸੰਗ ਦੇ ਪ੍ਰਭਾਵ ਥੱਲੇ ਅਸੀਂ ਸਿੱਖੀ ਤੋਂ ਬਹੁਤ ਦੂਰ ਚਲੇ ਗਏ ਸਾਂ। ਖਾਨ-ਪਾਨ ਤੇ ਪਹਿਰਾਵਾ ਹੋਰ ਦਾ ਹੋਰ ਆਮ ਖੁੱਲ੍ਹੇ ਲੋਕਾਂ ਵਾਂਗ ਹੋ ਗਿਆ ਸੀ। ਫਿਰ (ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖ ਰਸਕਿ ਬੈਰਾਗੀ।) ਦੇ ਮਹਾਂਵਾਕ ਅਨੁਸਾਰ ਜਦੋਂ ਭਾਗ ਉਦੇ ਹੋਏ। ਜਿ. ਸਰਸਾ ਦੇ ਪ੍ਰਸਿੱਧ ਨਗਰ ਅਮਰਾਸਰ (ਵੱਡੇ) ਸੰਤ ਗਿਆਨ ਸਿੰਘ ਹੁਰਾਂ ਦਾ ਬਹੁਤ ਪ੍ਰਭਾਵਸ਼ਾਲੀ ਦੀਵਾਨ ਲੱਗਾ ਹੋਇਆ ਸੀ, ਜਿਸ ਵਿੱਚ ਮੈਂ ਆਪਣੇ ਸਾਥੀਆਂ ਸਮੇਤ ਹਾਜ਼ਰ ਸਾਂ। ਦੀਵਾਨ ਸੁਣਦਿਆਂ ਮਨ ਐਸਾ ਦ੍ਰਵੀਭੂਤ ਹੋਇਆ, ਐਸਾ ਗੁਰਚਰਨਾਂ ਨਾਲ ਜੁੜਿਆ ਐਸੀ ਵਿਸਮਾਦ ਅਵਸਥਾ, ਕੁਸੰਗ ਵਿੱਚ ਬੀਤਿਆਂ ਸਮਾਂ ਸਭ ਝੂਠ ਹੀ ਝੂਠ ਨਜ਼ਰ ਆਇਆ। ਗੁਰ ਚਰਨਾਂ ਨਾਲ ਜੁੜਿਆਂ ਦੀਵਾਨ ਵਿੱਚ ਹੀ ਅਰਦਾਸ ਕੀਤੀ, "ਹੇ ਸਚੇ ਪਾਤਸ਼ਾਹ ਕੋਈ ਐਸਾ ਸਾਧੂ ਮੇਲੋ ਜੋ ਸਾਡਾ ਮਾਰਗ ਦਰਸ਼ਨ ਕਰ ਸਕੇ ਤੇ ਇਹ ਮਨੁੱਖਾ ਜਨਮ ਸਫਲ ਹੋਵੇ। ਬਸ ਅਰਦਾਸ ਪ੍ਰਵਾਨ ਹੋਣ 'ਚ ਘੜੀ-ਪਲ ਵੀ ਦੇਰ ਨ ਲੱਗੀ। ਤੇ ਦੀਵਾਨ ਦਾ ਭੋਗ ਪੈਂਦਿਆਂ ਹੀ ਸੰਤ ਗਿਆਨ ਸਿੰਘ ਪਿੰਡ ਨਿਬੋਕੇ ਜਿ. ਸਿਆਲਕੋਟ ਨਾਲ ਮੇਲ ਹੋ ਗਿਆ। ਤੇ ਇਹ ਸੰਤ ਜੀ ਫਿਰ ਕਈ ਸਾਲ ਸਾਡੇ ਕੋਲ ਰਹੇ। ਮੁਕਦੀ ਗੱਲ ਸੰਤ ਗਿਆਨ ਸਿੰਘ ਹੋਰਾਂ ਦੇ ਦੀਵਾਨ ਤੋਂ ਪ੍ਰਭਾਵਤ ਹੋ ਦਸਤਾਰ ਵੀ ਸਿੱਧੀ ਕੀਤੀ, ਤੇ [illegible] ਸਿੱਖੀ ਬਾਣਾ ਵੀ ਧਾਰਨ ਕੀਤਾ। ਜਥੇ. ਸੁਦਰਸ਼ਨ ਸਿੰਘ (ਅਮਰਾਸਰ) ਜੋ ਸੰਤ ਗਿਆਨ ਸਿੰਘ ਜੀ ਦੇ ਸ਼ਾਗਿਰਦ ਵੀ ਹਨ ਨੇ ਦੱਸਿਆ ਇੱਕ ਵਾਰ ਸੰਤਾਂ ਦਾ ਦੀਵਾਨ ਸਾਡੇ ਘਰ ਹੀ ਲੱਗਾ ਹੋਇਆ ਸੀ। ਸਾਡੇ ਇਲਾਕੇ ਦੇ ਲੋਕ ਸੰਤਾਂ ਦੇ ਦੀਵਾਨ ਦੇ ਬਹੁਤ ਆਸ਼ਿਕ-ਪ੍ਰੇਮੀ ਹਨ। ਟਰਾਲੀਆਂ-ਜੀਪਾਂ ਤੇ ਆਪਣੇ-ਆਪਣੇ ਹੋਰ ਸਾਧਨਾਂ ਨਾਲ ਦੂਰ ਨੇੜਿਓਂ ਦੀਵਾਨ ਵਿੱਚ ਪਹੁੰਚ ਜਾਂਦੇ ਹਨ। ਸਾਡੇ ਭਰਵਾਂ ਇਕੱਠ ਸੀ ਸਾਧ

ਸੰਗਤ ਦਾ। ਪਰ ਮੈਨੂੰ ਉਦੋਂ ਹੈਰਾਨਗੀ ਤੇ ਖ਼ੁਸ਼ੀ ਵੀ ਹੋਈ। ਜਦੋਂ ਮੈਂ ਇਕਬਾਲ ਸਿੰਘ ਨੂੰ ਵੇਖਿਆ ਦੀਵਾਨ ਵਿੱਚ। ਕਿਉਂਕਿ ਉਸ ਨਾਲ ਤਾਂ ਸਾਡਾ ਦੋ-ਤਿੰਨ ਸਾਲ ਤੋਂ ਅਦਾਲਤ ਵਿੱਚ ਕੇਸ ਚਲ ਰਿਹਾ ਏ। ਆਪਸ ਵਿੱਚ ਕੋਈ ਮਿਲਵਰਤਨ ਤੇ ਬੋਲ-ਚਾਲ ਵੀ ਨਹੀਂ। ਮੇਰੇ ਵੀ ਮਨ ਉੱਤੇ ਸੰਤਾ ਦੇ ਬਚਨਾਂ ਦਾ ਪ੍ਰਭਾਵ ਪਿਆ। ਭੋਗ ਤੋਂ ਬਾਅਦ ਬਗੈਰ ਆਪਣੇ ਭਰਾਵਾਂ ਤੋਂ ਪੁਛਿਆਂ ਸਾਧ ਸੰਗਤ 'ਚ ਖਲੋ ਮੈਂ ਅਰਜ਼ ਕੀਤੀ ਕਿ ਜੇ ਇਕਬਾਲ ਸਿੰਘ ਨੂੰ ਵੀ ਮਨਜ਼ੂਰ ਹੋਵੇ ਤਾਂ ਆਪਾਂ ਅੱਜ ਦੇ ਦੀਵਾਨ ਦਾ ਇਹ ਲਾਹ ਖੱਟੀਏ ਕਿ ਅਸੀਂ ਪਰਸਪਰ ਆਪਣੇ ਲੜਾਈ-ਝਗੜੇ ਤੇ ਅਦਾਲਤੀ ਕੇਸ ਦਾ ਏਥੇ ਹੀ ਭੋਗ ਪਾ ਦੇਈਏ ਤੇ ਅੱਗੋਂ ਆਪਸ ਵਿੱਚ ਪ੍ਰੇਮ-ਪਿਆਰ ਨਾਲ ਰਹਿਣ ਦਾ ਮਾਹੌਲ ਬਣਾਈਏ। ਇਕਬਾਲ ਸਿੰਘ ਨੇ ਵੀ ਜ਼ਰਾ ਦੇਰ ਨਾ ਲਾਈ। ਓਸੇ ਵੇਲੇ ਉਠਕੇ ਮੈਨੂੰ ਗਲਵੱਕੜੀ ਪਾ ਲਈ ਤੇ ਬੋਲੇ ਸੋ ਨਿਹਾਲ ਦੇ ਜੈਕਾਰੇ ਨਾਲ ਇਸ ਪਿਆਰ ਭਰੀ ਮਿਲਣੀ ਦਾ ਸੁਆਗਤ ਕੀਤਾ ਗਿਆ। ਨ ਹੀ ਮੇਰੇ ਭਰਾਵਾਂ ਕੋਈ ਇਤਰਾਜ਼ ਕੀਤਾ। ਇਹ ਸੀ ਸੰਤਾ ਦੇ ਕੀਰਤਨ ਤੇ ਵੱਡਮੁਲੇ ਬਚਨਾਂ ਦਾ ਅਸਰ। ਸ੍ਰੀ ਜੀਵਨ ਨਗਰ ਦੇ ਇਲਾਕੇ ਵਿੱਚ ਤਾਂ ਕਈ ਸਾਲਾਂ ਤੋਂ ਸੰਤਾ ਦੇ ਦੀਵਾਨਾਂ ਦਾ ਬਹੁਤ ਲੰਬਾ ਸਫ਼ਰ ਹੈ।

ਸ੍ਰੀ ਭੈਣੀ ਸਾਹਿਬ ਸੰਤਾਂ ਦੇ ਭੋਗ 'ਤੇ ਆਏ ਮੇਲੇ ਤੇ ਸੰਤ ਗੁਰਮੁਖ ਸਿੰਘ ਨੇ ਦੱਸਿਆ ਕਿ ਨਕੋੜੇ ਹੋਲੇ ਤੇ ਅਸੀਂ ਦੀਵਾਨ ਲਾ ਕੇ ਹਟੇ ਸਾਂ ਤੇ ਸੰਤਾਂ ਦਾ ਦੀਵਾਨ ਲੱਗਣ ਲੱਗਾ ਸੀ। ਉਸ ਇਲਾਕੇ 'ਚ ਇਨ੍ਹਾਂ ਦਾ ਇਹ ਪਹਿਲਾ ਦੀਵਾਨ ਸੀ। ਇਹਨਾਂ ਨਾਲ ਦਾਨ ਸਿੰਘ ਤੇ ਅਜੈਬ ਸਿੰਘ ਸਨ। ਅਸੀਂ ਆਪਸ ਵਿੱਚ ਹਸਦਿਆਂ ਕਿਹਾ ਕਿ ਐਡੇ ਵੱਡੇ ਮੇਲੇ ਵਿੱਚ ਭਲਾ ਇਹ ਦੋ ਜਣੇ ਕੀ ਕਰਣਗੇ। ਦਾਨ ਸਿੰਘ ਨੇ ਢੋਲਕ ਤੇ ਅਜੈਬ ਸਿੰਘ ਨੇ ਵਾਜਾ ਫੜ ਲਿਆ ਤੇ ਸੰਤਾਂ ਉਠ ਕੇ "ਹੋਇਗਾ ਖਸਮ ਤਾਂ ਲਏਗਾ ਰਾਖ" ਜਦੋਂ ਇਹ ਧਾਰਨਾ ਪੜ੍ਹੀ। ਅਕਾਸ਼ ਛੂਹੰਦੀਆਂ ਇਨ੍ਹਾਂ ਦੀਆਂ ਸੁਰਾਂ ਤੇ ਵਿਆਖਿਆ ਨੇ ਤਾਂ ਸਰੋਤਿਆਂ ਨੂੰ ਇੰਝ ਕੀਲੀ ਰੱਖਿਆ ਕਿ ਮੰਤ੍ਰ ਮੁਗਧ ਹੋਇ ਕਿਸੇ ਬੰਨੇ ਜਾਣ ਜੋਗੇ ਹੀ ਨ ਰਹੇ। ਅਸੀਂ, ਸੰਤ ਬਲੀ ਸਿੰਘ "ਸਪੁਤਰ ਵਹਿਮੀ ਜੀ" ਗੁਰਬਖ਼ਸ਼ ਸਿੰਘ ਹਰਸ਼ੈ, ਮੈਂ ਗੁਰਮੁਖ ਸਿੰਘ ਤੇ ਹੋਰ ਸਾਥੀ ਸ਼ਾਮਿਆਨੇ ਦੇ ਬਾਂਸ ਫੜ ਖਲੋਤਿਆਂ ਹੀ ਸਾਰਾ ਦੀਵਾਨ ਸੁਣਿਆ। ਬਸ ਉਦੋਂ ਤੋਂ ਹੀ ਜਿਥੇ ਵੀ ਇਨ੍ਹਾਂ ਦਾ ਦੀਵਾਨ ਹੋਵੇ, ਸਾਡਾ ਜੱਥਾ ਇਨ੍ਹਾਂ ਨਾਲ ਹੁੰਦਾ ਏ। ਬਹੁਤ ਘਾਟ ਪਾ ਗਏ ਨੇ ਨ ਪੂਰੀ ਹੋਣ ਵਾਲੀ। ਸ. ਚੰਨਣ ਸਿੰਘ ਚੰਡੀਗੜ੍ਹ ਜੋ ਆਪ ਬਹੁਤ ਸੁੰਦਰ ਕੀਰਤਨ ਵੀ ਕਦੇ ਹਨ। ਵਾਜਾ ਤੇ ਢੋਲਕ ਦੇ ਵਧੀਆ ਵਜੰਤਰੀ ਵੀ ਹਨ ਤੇ ਬੱਚਿਆਂ ਨੂੰ ਰਾਗ ਵਿਦਿੱਆ ਵੀ ਸਿਖਾਂਦੇ ਹਨ। ਕਿੱਤੇ ਵੱਲੋਂ ਆਪ ਪੁਲਿਸ ਮਹਿਕਮੇ ਵਿੱਚ ਚੰਗੀ ਪੋਸਟ ਤੇ ਅਫ਼ਸਰ ਲੱਗੇ ਹੋਏ ਹਨ। ਵਿਸ਼ੇਸ਼ਤਾ ਇਹ ਕਿ ਜਿੱਥੇ ਵੀ ਇਨ੍ਹਾਂ ਦਾ ਦਰਸ਼ਨ ਕਰੋ ਨਾਮਧਾਰੀ ਲਿਬਾਸ ਵਿੱਚ। ਉਨ੍ਹਾਂ ਦੀਵਾਨ ਵਿੱਚ ਦੱਸਿਆ ਕਿ ਸਾਡਾ ਸਾਰਾ ਪਿੰਡ ਸ਼ਰਾਬ ਪੀਂਦਾ ਤੇ ਬਨਾਉਂਦਾ ਹੁੰਦਾ ਸੀ। ਐਸੀ ਕ੍ਰਿਪਾ ਹੋਈ ਸੰਤ ਗਿਆਨ ਸਿੰਘ ਹੋਰਾਂ ਦਾ ਦੀਵਾਨ ਸੁਣ ਸਾਰੇ ਪਿੰਡ ਨੇ ਸ਼ਰਾਬ ਪੀਣੀ, ਕੱਢਣੀ, ਵੇਚਨੀ ਬੰਦ ਕਰ ਦਿੱਤੀ ਤੇ ਭਜਨ ਪੁਛ ਸਿੱਖ ਸਜ ਗਏ। ਇਸ ਤਰ੍ਹਾਂ ਹੀ ਔਰੰਗਾਬਾਦ (ਮਹਾਂਰਾਸ਼ਟਰ) ਸ. ਹਰਭਜਨ ਸਿੰਘ ਦੇ ਘਰ ਸੰਤ ਗਿਆਨ ਸਿੰਘ ਦੇ ਰੋਜ਼ਾਨਾ ਦੀਵਾਨ ਲੱਗਿਆ ਕਰਦੇ ਸਨ ਤੇ ਉਥੋਂ ਦੇ ਪ੍ਰਸਿੱਧ ਡਾਕਟਰ ਛਾਬੜਾ ਜੀ ਦੇ ਪਿਤਾ ਜੀ ਵੀ ਰੋਜ਼ਾਨਾ ਦੀਵਾਨ ਵਿੱਚ ਹਾਜ਼ਰੀ ਭਰਿਆ ਕਰਦੇ ਸਨ। ਇੱਕ ਦਿਨ ਉਨ੍ਹਾਂ ਨੇ ਬੇਨਤੀ ਕੀਤੀ ਕਿ ਸੰਤਾਂ ਦਾ ਸਵੇਰ ਦਾ ਜਲ ਪਾਨ ਸਾਡੇ ਘਰ ਹੋਵੇ ਤੇ ਨਾਲੇ ਚਰਨ ਪਾਉਣ ਦੀ ਕ੍ਰਿਪਾ ਕਰਨੀ। ਸਵੇਰੇ ਅਸੀਂ ਗਏ। ਡਾਕਟਰ ਸਾਹਿਬ ਨੇ ਆਪਣੇ ਮਿਤਰਾਂ ਨੂੰ ਵੀ ਬੁਲਾਇਆ ਹੋਇਆ ਸੀ। ਜਿਨ੍ਹਾਂ ਵਿੱਚ ਕੁਝ ਮਿਲਟਰੀ ਦੇ ਅਫ਼ਸਰ ਵੀ ਸਨ। ਜਦੋਂ ਜਲ-ਪਾਨ ਛਕਣ ਵਾਸਤੇ ਕਿਹਾ ਤਾਂ ਸੰਤਾਂ ਨੇ ਕਿਹਾ। ਸਰਦਾਰ ਜੀ ਤੁਸਾਂ ਸਾਡੇ ਵਾਸਤੇ ਪ੍ਰੇਮ ਨਾਲ ਬੜੀਆਂ ਸੋਹਣੀਆਂ-ਸੋਹਣੀਆਂ ਚੀਜ਼ਾਂ ਫਲ-ਫ੍ਰੂਟ, ਮਿਸ਼ਟਾਨ

ਆਦਿ ਸਜਾਇ ਹੋਏ ਹਨ, ਮੇਰਾ ਵੀ ਜੀਅ ਕਰਦਾ ਏ ਕਿ ਸਾਡੇ ਪਾਸ ਵੀ ਜੋ ਚੰਗੀ ਤੋਂ ਚੰਗੀ ਵਸਤੂ ਹੈ। ਆਪ ਨੂੰ ਦਿੱਤੀ ਜਾਵੇ। ਉਨ੍ਹਾਂ ਵੀ ਅੱਗੋਂ ਸਾਡੇ ਧਨ ਭਾਗ ਸਤ ਬਚਨ ਕਹ ਖ਼ੁਸ਼ੀ ਦਾ ਇਜ਼ਹਾਰ ਕੀਤਾ। ਮਹਾਂ ਪੁਰਸ਼ਾਂ ਕੋਲੋਂ ਤਾਂ ਜੋ ਕੁਝ ਵੀ ਮਿਲੇਗਾ ਸਰਵਉੱਤਮ ਹੀ ਮਿਲੇਗਾ। ਸੰਤਾਂ ਨੇ ਸਾਰੇ ਪਰਿਵਾਰ ਤੇ ਘਰ ਆਏ ਪ੍ਰਾਹੁਣਿਆਂ ਨੂੰ ਕੰਨ ਵਿੱਚ ਭਜਨ ਦੱਸਿਆ ਤੇ ਫੇਰ ਜਲ-ਪਾਣੀ ਛਕਿਆ। ਉਥੇ ਬੈਠਿਆਂ ਹੀ ਮਿਲਟਰੀ ਵਿਚੋਂ ਆਏ ਅਫ਼ਸਰਾਂ ਨੇ ਦੀਵਾਨ ਵਾਸਤੇ ਬੇਨਤੀ ਕੀਤੀ। ਫਿਰ ਦੋ ਦੀਵਾਨ ਮਿਲਟਰੀ ਦੇ ਗੁਰਦਵਾਰੇ ਲੱਗੇ। ਉਥੇ ਹੀ ਕੁਝ ਨਾਮਧਾਰੀ ਜਵਾਨਾਂ ਦੇ ਦਰਸ਼ਨ ਵੀ ਹੋ ਗਏ।

ਔਰੰਗਾਬਾਦ ਤਾਂ ਉਨ੍ਹਾਂ ਦੇ ਘਰਾਂ ਤੇ ਮੰਦਰਾਂ ਵਿੱਚ ਵੀ ਦੀਵਾਨ ਲੱਗਦੇ ਰਹੇ। ਕਦੇ-ਕਦੇ ਸੰਗੀਤਆਚਾਰੀਆ ਸ੍ਰੀ ਨਾਥ ਨਰੋਲਕਰ ਪ੍ਰੋਫੈਸਰ ਭਗਵਾਨ ਦਾਸ ਵਰਮਾ ਤੇ ਸ੍ਰ. ਹਰਭਜਨ ਸਿੰਘ ਦੇ ਘਰ ਸ਼ਾਸਤਰੀ ਸੰਗੀਤ ਦੀ ਮਹਿਫ਼ਲ ਜਮ ਜਾਂਦੀ। ਇਕ ਬੰਨੇ ਸ੍ਰੀ ਨਾਥ ਜੀ ਤੇ ਉਨ੍ਹਾਂ ਦੇ ਸ਼ਿਸ਼ ਦੂਜੇ ਪਾਸੇ ਸੰਤ ਗਿਆਨ ਸਿੰਘ ਤੇ ਉਨ੍ਹਾਂ ਦੇ ਸਹਿਯੋਗੀ ਸੰਤ ਦਾਨ ਸਿੰਘ ਇਸ ਅਲੌਕਿਕ ਨਜ਼ਾਰੇ ਦੇ ਅਨੰਦ ਦਾ ਵਰਨਣ ਅੱਖਰਾਂ ਰਾਹੀਂ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਹੀ ਸ੍ਰੀ ਨਾਥ ਜੀ ਦੀ ਸਰਪ੍ਰਸਤੀ ਹੇਠ ਇਕ ਮਿੰਨੀ ਸੰਗੀਤ ਸਮੇਲਨ ਦਾ ਅਯੋਜਨ ਕੀਤਾ ਗਿਆ। ਔਰੰਗਾਬਾਦ ਇਕ ਹਾਲ ਵਿੱਚ। ਉਸ ਦਾ ਉਦਘਾਟਨ ਕਰਨ ਲਈ ਸ਼ਾਸਤਰੀ ਸੰਗੀਤ ਦੇ ਪ੍ਰਸਿੱਧ ਗਿਆਤਾ ਪ੍ਰਿੰਸੀਪਲ ਸਾਹਿਬ ਨੰਦੇੜ ਤੋਂ ਪਧਾਰ ਰਹੇ ਸਨ। ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ, ਜਿਵੇਂ ਹੀ ਸਟੇਜ ਤੇ ਉਦਘਾਟਨ ਕਰਨ ਲਈ ਪਧਾਰੇ, ਇਕ ਐਸਾ ਅਟੈਕ ਉਨ੍ਹਾਂ ਨੂੰ ਹੋਇਆ। ਕੁਝ ਮਿੰਟਾਂ ਵਿੱਚ ਹੀ ਉਨ੍ਹਾਂ ਦੀ ਮ੍ਰਿਤਯੂ ਹੋ ਗਈ। ਉਸ ਵੇਲੇ ਗੁਰਬਾਣੀ ਦਾ ਇਹ ਫੁਰਮਾਣ 'ਕਿਆ ਜਾਣਾ ਕਿਵ ਮਰਹਿਗੇ ਕੈਸਾ ਮਰਨਾ ਹੋਇ' ਮੂਰਤੀਮਾਨ ਹੋਇਆ। ਸੰਮੇਲਨ ਅਗਲੇ ਦਿਨ ਲਈ ਮੁਲਤਵੀ ਕਰ ਦਿੱਤਾ ਤੇ ਉਸ ਦਿਨ ਸੰਮੇਲਨ ਦਾ ਉਦਘਾਟਨ ਸੰਤ ਗਿਆਨ ਸਿੰਘ ਹੁਰਾਂ ਪਾਸੋਂ ਕਰਾਇਆ ਗਿਆ। ਸੰਤ ਗਿਆਨ ਸਿੰਘ ਤੇ ਉਨ੍ਹਾਂ ਦੇ ਸ਼ਿਸ਼ ਸੰਤ ਦਾਨ ਸਿੰਘ ਨੇ ਜਦੋਂ ਇਲਾਹੀ ਰੰਗ ਵਿੱਚ ਰੰਗਿਆਂ ਮਿਠਾਸ ਭਰੀ ਉੱਚੀ ਸੁਰ ਵਿੱਚ ਪੱਕੇ ਰਾਗ ਵਿੱਚ ਉਦਘਾਟਨੀ ਸ਼ਬਦ ਗਾਂਵਿਆ। ਤਾਲੀਆਂ ਦੀ ਗੜ-ਗੜਾਹਟ ਨਾਲ ਸਰੋਤਿਆਂ ਦੀ ਅਨਗਿਣਤ ਹਾਜ਼ਰੀ ਨੇ ਉਨ੍ਹਾਂ ਦਾ ਭਰਪੂਰ ਸੁਆਗਤ ਕੀਤਾ। ਭਾਵ ਔਰੰਗਾਬਾਦ ਦੇ ਸੰਗੀਤ ਪ੍ਰੇਮੀ ਵੀ ਸੰਤਾਂ ਨਾਲ ਬਹੁਤ ਨੇੜ ਤੇ ਪਿਆਰ ਰੱਖਦੇ ਸਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਆਸਾ ਦੀ ਵਾਰ-ਵਾਰੇ ਵਿੱਚ ਗੁਰਬਾਣੀ ਦੇ ਢੁਕਵੇਂ ਪ੍ਰਮਾਣ ਤੇ ਹੱਲੇ ਦੇ ਦੀਵਾਨਾਂ ਦਾ ਪ੍ਰਭਾਵ ਆਮ ਸੰਗਤਾਂ ਦੇ ਦਿਲਾਂ ਵਿੱਚ ਕਿਸੇ ਬਰਤਨ ਤੇ ਉੱਕਰੇ ਅੱਖਰਾਂ ਵਾਂਗ ਅੱਜ ਵੀ ਉਵੇਂ ਹੀ ਤਾਜ਼ਾ ਹਨ। ਯੂ.ਪੀ. ਵਿੱਚ ਗੋਲਾ-ਗੋਕਰਨ ਨਾਥ ਦੇ ਹੋਲੇ ਦਾ ਦੀਵਾਨ ਇੱਕ ਯਾਦਗਾਰੀ ਦੀਵਾਨ ਹੈ। ਜਿਸ ਵਿੱਚ ਹੋਲੇ ਦੀ ਮਹਾਨਤਾ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਵਿੱਚ ਪੜ੍ਹੀਆਂ ਇਨ੍ਹਾਂ ਧਾਰਨਾ (ਵਿਛੋੜਾ ਨ ਕਿਸੇ ਦੇ ਪੇਸ਼ ਆਵੇ, ਕਿਸੇ ਦਾ ਲਾਲ ਨ ਪ੍ਰਦੇਸ ਜਾਵੇ) ਨੇ ਰਾਤ ਦੇ ਸ਼ਾਂਤ ਵਾਯੂ ਮੰਡਲ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਮਸਤ ਹੋਈਆਂ ਬੈਠੀਆਂ ਸੰਗਤਾਂ ਆਪਣੇ ਪ੍ਰਦੇਸੀ ਪ੍ਰੀਤਮ ਦੀ ਯਾਦ ਵਿੱਚ ਸਜਲ ਨੇਤ੍ਰਾਂ ਨਾਲ ਧਾਰਨਾਂ ਪੜ੍ਹ ਰਹੀਆਂ ਸਨ। ਲੋਟ-ਪੋਟ ਹੋਏ ਮਸਤਾਨਿਆਂ ਦੀਆਂ ਚੀਕਾਂ ਤਾਂ ਪੰਛੀਆਂ ਨੂੰ ਵੀ ਰੁਲਾ ਰਹੀਆਂ ਸਨ। ਦਾਨ ਸਿੰਘ, ਗੁਰਮੁਖ ਸਿੰਘ ਦੇ ਸਧੇ ਹਥਾਂ ਵਿੱਚ ਦੋ ਢੋਲਕੀਆਂ, ਸੰਤ ਬਲੀ ਸਿੰਘ (ਬੁੱਢੀਮਾੜੀ) ਦੇ ਹੱਥਾਂ ਵਿੱਚ ਹਾਰਮੋਨੀਅਮ। ਚਾਲੀ-ਪੰਜਾਹ ਸਰੀਰਾਂ ਦਾ ਸਮੂਹ ਮਗਰ ਬੋਲਣ ਵਾਲੇ, ਉਧਰ ਵੈਰਾਗੀ ਹੋਏ ਸੰਤ ਗਿਆਨ ਸਿੰਘ ਹੁਰਾਂ ਜਦੋਂ ਲੋਕ ਬੋਲੀ ਵਿੱਚ ਇਹ ਧਾਰਨਾ "ਸੋਨੇ ਦਾ ਕਿੱਲ ਮਾਹੀਆ, ਲੋਕਾਂ ਦੀਆਂ ਰੋਣ ਅੱਖੀਆਂ, ਸਾਡਾ ਰੋਂਦਾ ਹੀ ਦਿਲ ਮਾਹੀਆ" ਪੜੀ। ਇਸ ਦ੍ਰਿਸ਼ ਨੂੰ ਬਿਆਨ ਕਰਦਿਆਂ ਤਾਂ ਕਲਮ ਦੀਆਂ ਵੀ ਚੀਕਾਂ ਨਿਕਲਦੀਆਂ ਹਨ। ਸੰਤਾਂ ਦੇ ਮਗਰੋਂ ਆਉਣ

ਵਾਲੇ ਜਥੇਦਾਰ ਸਾਹਿਬ ਨੇ ਇਹ ਕਹਿਕੇ ਇਸ ਰਸ ਨੂੰ ਬਣਾਈ ਰੱਖਨਾਂ ਬਹੁਤ ਮੁਸ਼ਕਿਲ ਹੈ। ਮੇਰਾ ਟਾਇਮ ਵੀ ਸੰਤਾਂ ਨੂੰ ਹੀ ਦੇ ਦਿਉ। ਸਾਢੇ ਤਿਨ ਘੰਟੇ ਦੀਵਾਨ ਲਗਾ ਰਿਹਾ।

ਸਨ ੧੯੮੪ ਵਿੱਚ ਗੋਰਿਆਂ ਦੀ ਧਰਤੀ ਇੰਗਲੈਂਡ ਦੇ ਹੋਲੇ-ਮੁਹੱਲੇ ਦਾ ਦੀਵਾਨ ਮੈਂ ਹਰਬੰਸ ਸਿੰਘ ਦੋਸ਼ੀ ਵੀ ਹਾਜ਼ਰ ਸਾਂ। ਸਵ. ਤੀਰਥ ਸਿੰਘ ਚੰਡੀਗੜ੍ਹ ਤੇ ਉਨ੍ਹਾਂ ਦੇ ਹੋਰ ਸਾਥੀਆਂ ਨੇ ਸੰਤਾਂ ਨੂੰ ਬੋਲਣ ਵਾਸਤੇ ਇਕ ਮਜ਼ਮੂਨ ਦਿੱਤਾ। ਇਸ ਦੌਰੇ ਤੇ ਪੰਜਾਬੀ ਦੇ ਪ੍ਰਸਿੱਧ ਵਿਦਵਾਨ ਡਾਕਟਰ ਹਰਿਭਜਨ ਸਿੰਘ ਵੀ ਗਏ ਸਨ। ਡਾਕਟਰ ਸਾਹਿਬ ਹਰ ਬੁਲਾਰੇ ਬਾਰੇ ਸੁਤੇ ਸਿਧ ਹੀ ਇਕ ਸ਼ਬਦ ਦੀ ਟਿੱਪਣੀ ਕਰਦੇ ਸਨ। ਸੰਤ ਗਿਆਨ ਸਿੰਘ ਹੋਰਾਂ ਨੂੰ ਸੁਣ ਕੇ ਕਹਿਣ ਲੱਗੇ ਇਹ ਬਹੁਤ ਡੂੰਘਾ ਹੈ।

ਇਸ ਤਰ੍ਹਾਂ ਹੀ ਮਹਾਂਰਾਸ਼ਟਰ ਵਿੱਚ ਔਰੰਗਾਬਾਦ-ਨੰਦੇੜ ਤੇ ਬੰਬਈ, ਬਿਹਾਰ ਵਿੱਚ ਡਾਲਟਨ ਗੰਜ, ਯੂ.ਪੀ. ਵਿੱਚ ਲਖਨਊ, ਕਾਨ੍ਹਪੁਰ, ਅਮਰੋਹਾ, ਸੁਲਤਾਨਪੁਰ ਤੋਂ ਇਲਾਵਾ ਮੰਡੀ ਸਕੇਤ, ਜਮੂੰ, ਚੰਡੀਗੜ੍ਹ ਆਦਿ ਤੇ ਬਦੇਸ਼ਾਂ ਵਿੱਚ ਅਫਰੀਕਾ, ਇੰਗਲੈਂਡ ਤੇ ਥਾਈਲੈਂਡ ਆਦਿ ਮੁਲਕਾਂ ਵਿੱਚ ਆਪਣੇ ਕੀਰਤਨੀ ਸਹਿਯੋਗੀ ਸੰਤ ਦਾਨ ਸਿੰਘ ਨਾਲ ਸ੍ਰੀ ਸਤਿਗੁਰੂ ਜੀ ਦੇ ਦੌਰਿਆਂ ਨਾਲ ਰਜਵਾਂ ਭਰਮਨ ਕੀਤਾ ਤੇ ਨਾਮ ਬਾਣੀ ਦਾ ਪ੍ਰਵਾਹ ਚਲਦਾ ਰਿਹਾ। ਥਾਈਲੈਂਡ ਤਾਂ ਸਤਿਗੁਰ ਜੀ ਦੇ ਹੁਕਮ ਅੰਦਰ ਇਕ ਵਾਰੀ ਦਸ ਮਹੀਨੇ ਰਹੇ। ਫਿਰ ਵੀ ਸਾਧ ਸੰਗਤ ਦਾ ਰੱਜ ਨ ਹੁੰਦਾ ਜੀ ਨ ਕਰਦਾ ਕਿ ਸੰਤ ਏਥੋਂ ਤੁਰ ਜਾਣ। ਸੰਤ ਗਿਆਨ ਸਿੰਘ ਹੁਰਾਂ ਆਪਣੇ ਉਚੇ-ਸੁੱਚੇ ਆਚਰਨ ਦੀ ਸ਼ੁੱਧਤਾ ਨਾਲ ਆਪਣਾ ਚੰਗਾ ਸਤਿਕਾਰ ਬਣਾਇਆ ਹੋਇਆ ਸੀ। ਜੇ ਮੈਂ ਇਹ ਕਹਿਣ ਦੀ ਗੁਸਤਾਖ਼ੀ ਕਰ ਲਵਾਂ ਕਿ ਸੰਤ ਗਿਆਨ ਸਿੰਘ ਜੀ ਦੇ ਨਾਲ ਹੀ ਕੂਕਿਆਂ ਦੇ ਹੱਲੇ ਦੇ ਦੀਵਾਨ ਦਾ ਇੱਕ ਯੁੱਗ ਖ਼ਤਮ ਹੋ ਗਿਆ ਏ ਤਾਂ ਇਹ ਗਲ ਅਤਿ ਕਥਨੀ ਨਹੀਂ ਹੋਵੇਗੀ। ਸ੍ਰੀ ਸਤਿਗੁਰੂ ਜੀ ਕ੍ਰਿਪਾ ਕਰਨ, ਨਵੀਂ ਪਨੀਰੀ ਦੇ ਸਿਰ ਤੇ ਬਖ਼ਸ਼ਸ਼ ਭਰਿਆ ਹੱਥ ਰੱਖਣ ਤੇ ਬਲ ਬਖਸ਼ਣ ਤਾਂ ਜੋ ਇਹ ਪੰਥ ਦੀ ਸੇਵਾ ਕਰ ਸਕਣ। ਸਾਨੂੰ ਨਵੇਂ ਜਥੇਦਾਰਾਂ ਤੋਂ ਬਹੁਤ ਆਸਾਂ ਹਨ। ਪਰ ਨਹੀਂ ਲੱਭਣੇ ਸਾਧ ਸੰਗਤ ਜੀ ਸਾਨੂੰ ਸੰਤ ਗਿਆਨ ਸਿੰਘ ਵੀਰੋਕੇ।

ਯਾਤਰਾ ਗ੍ਰਹਿਸਤ ਜੀਵਨ ਦੀ !

ਚੌਤੀ-ਪੈਂਤੀ ਸਾਲ ਦੀ ਉਮਰ ਵਿੱਚ ਆਪ ਜੀ ਦਾ ਆਨੰਦ-ਕਾਰਜ ਪਿੰਡ ਛੰਨੀਆਂ ਜ਼ਿਲ੍ਹਾ ਸਿਆਲਕੋਟ ਦੇ ਰਹਿਣ ਵਾਲੇ ਇਕ ਗੁਰਮੁਖਿ-ਗੁਰਸਿੱਖ ਸੰਤ ਖੇੜਾ ਸਿੰਘ ਦੇ ਘਰੋਂ ਮਾਤਾ ਭਗਵਾਨ ਕੌਰ ਦੀ ਸਪੁਤਰੀ ਬੀਬੀ ਹਰਬੰਸ ਕੌਰ ਨਾਲ ਹੋਇਆ। ਵਿਆਹ ਤੋਂ ਇਕ ਸਾਲ ਬਾਅਦ ਹੀ ਦੇਸ਼ ਦੇ ਬਟਵਾਰੇ ਦੇ ਰੂਪ ਵਿੱਚ ਪਾਕਿਸਤਾਨ ਬਣ ਗਿਆ ਤੇ ਆਪ ਆਪਣੇ ਨਗਰ ਨਿਵਾਸੀਆਂ ਸਮੇਤ ਜ਼ਿਲ੍ਹਾ ਗੁਰਦਾਸਪੁਰ ਦੀ ਤਹਿਸੀਲ ਬਟਾਲਾ ਤੋਂ ੬ ਕਿਲੋਮੀਟਰ ਦੂਰ ਪਿੰਡ ਬਹਾਦਰ ਹੁਸੈਨ ਆ ਰਿਹਾਇਸ਼ ਕੀਤੀ। ਏਥੇ ਹੀ ਆਪ ਦੀ ਵਾਹੀਯੋਗ ਜ਼ਮੀਨ ਵੀ ਅਲਾਟ ਹੋ ਗਈ।

ਵਿਆਹ ਤੋਂ ਕਈ ਸਾਲ ਬਾਦ ਔਲਾਦ ਨ ਹੋਣ ਕਰ ਘਰ ਵਿੱਚ ਚਰਚਾ ਸ਼ੁਰੂ ਹੋ ਗਈ ਕਿ ਗਿਆਨ ਸਿੰਘ ਦਾ ਹੋਰ ਅਨੰਦ ਕਾਰਜ ਕਰ ਦਈਏ। ਪਰ ਸੰਤ ਇਸ ਗੱਲ ਲਈ ਰਾਜ਼ੀ ਨ ਹੋਏ। ਕੁਦਰਤ ਨੇ ਐਸਾ ਸੰਜੋਗ ਬਣਾਇਆ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੰਗਤਾਂ ਨੂੰ ਨਿਵਾਜਦੇ ਜੀਅ ਦਾਨ ਬਖਸ਼ਦੇ ਜੰਮੂ ਦੀ ਸਾਧ ਸੰਗਤ ਨੂੰ ਆ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਦੌਰੇ ਦੇ ਨਾਲ ਹੀ ਸਨ ਜਥੇ. ਗਿਆਨ ਸਿੰਘ। ਸਤਿਗੁਰੂ ਜੀ ਦਾ ਡੇਰਾ ਸੀ ਸੰਤ ਜਗਤ ਸਿੰਘ ਹੋਰਾਂ ਵੱਲ। ਨਾਮ-ਸਿਮਰਨ ਤੇ ਕੀਰਤਨ ਦਾ ਅਨੰਦ ਸਾਧ ਸੰਗਤ ਮਾਨ ਰਹੀ ਸੀ। ਆਪਣੇ ਬਣੇ ਨੇਮ ਅਨੁਸਾਰ ਸ੍ਰੀ ਸਤਿਗੁਰੂ ਜੀ ਟੱਬ ਇਸ਼ਨਾਨ ਕਰ ਰਹੇ ਸਨ। ਸੇਵਕ ਭਾਈ ਵਜੀਰ ਸਿੰਘ ਨੂੰ ਹੁਕਮ ਹੋਇਆ। ਜਥੇ. ਗਿਆਨ ਸਿੰਘ ਨੂੰ ਬੁਲਾਓ। ਸੰਤਾਂ ਆ ਨਮਸਕਾਰ ਕਰ ਅਰਜ ਕੀਤੀ : ਸਚੇ ਪਾਤਸ਼ਾਹ ਜੀ ਕੀ ਹੁਕਮ ਹੈ। ਅੰਦਰ ਲੰਘ ਤੇ ਮੇਰੇ ਕੋਲ ਕੋਲ ਬਹਿ ਜਾ! ਸਤਿਗੁਰ ਜੀ ਫਰਮਾਇਆ। ਕੁਝ ਝਿਜਕ

ਜਹੀਂ ਨਾਲ, ਸਚੇ ਪਾਤਸ਼ਾਹ ਜੀ ਅੰਦਰ ਕਿਵੇਂ ਲੰਘਾਂ ਰਸਤਾ ਨਹੀਂ। ਦਰਵਾਜ਼ੇ ਵਿੱਚ ਚੂੰਕਿ ਸਤਿਗੁਰ ਜੀ ਟੱਬ ਇਸ਼ਨਾਨ ਕਰ ਰਹੇ ਸਨ।

"ਤੂੰ ਬਚਨ ਮਨ ਤੇ ਮੇਰੇ ਉਪਰੋਂ ਲੰਘ ਆ। ਤੇਰੇ ਜਿਹਾਂ ਲਈ ਤਾਂ ਮੇਰੀ ਗੋਦ ਵਿੱਚ ਖੁੱਲ੍ਹੀ ਥਾਂ ਹੈ ਸਤਿਗੁਰੂ ਜੀ ਫੁਰਮਾਇਆ।"

ਸੰਤ ਅੰਦਰ ਲੰਘ ਸਤਿਗੁਰੂ ਜੀ ਪਾਸ ਬੈਠ ਗਏ। ਸਤਿਗੁਰੂ ਜੀ ਫੁਰਮਾਇਆ ਕਿ ਤੂੰ ਤਾਂ ਸਾਡੇ ਨਾਲ ਜ਼ਿਆਦਾ ਦੌਰੇ ਤੇ ਰਹਿੰਦਾ ਏਂ। ਪਿੱਛੇ ਘਰ ਤੇ ਖੇਤੀਬਾੜੀ ਦਾ ਕਮ ਕੌਣ ਸੰਭਾਲਦਾ ਏ। ਪਿਤਾ ਕਰਦਾ ਹੋਵੇਗਾ।

ਸਚੇ ਪਾਤਸ਼ਾਹ ਜੀ ਮੈਂ ਅਜੇ ਚਾਰ-ਪੰਜ ਸਾਲ ਦਾ ਸਾਂ, ਜਦੋਂ ਪਿਤਾ ਚੜ੍ਹਾਈ ਕਰ ਗਿਆ ਸੀ ਸੰਤਾਂ ਕਿਹਾ।

"ਫਿਰ ਭਰਾ ਕਰਦਾ ਹੋਵੇਗਾ!" ਸਤਿਗੁਰੂ ਜੀ—ਭਰਾ ਵੀ ਕੋਈ ਨਹੀਂ! ਸੰਤਾਂ ਕਿਹਾ, "ਫਿਰ ਲੜਕੇ ਕਰਦੇ ਹੋਣਗੇ" ਸਤਿਗੁਰੂ ਜੀ ਪੁਛਿਆ। "ਲੜਕੇ ਦੀ ਅਜੇ ਆਪਨੇ ਬਖਸ਼ਸ਼ ਹੀ ਨਹੀਂ ਕੀਤੀ।" ਸੰਤਾਂ ਕਿਹਾ— ਅੰਤਰਜਾਮੀ ਸਤਿਗੁਰੂ ਜੀ ਨੇ ਸੰਤਾਂ ਦੀ ਜ਼ਬਾਨੀ ਸਭ ਕੁਝ ਅਖਵਾ ਲਿਆ ਤੇ ਖੁਸ਼ੀਆਂ ਭਰੀ ਮੁਸਕਰਾਹਟ ਨਾਲ ਸੇਵਕ ਭਾਈ ਵਜ਼ੀਰ ਸਿੰਘ ਨੂੰ ਮੁਖਾਤਿਬ ਹੋ ਕਿਹਾ, ਆਹ ਵੇਖ ਭਾਈ ਜਥੇਦਾਰ ਕੀ ਆਖੀ ਜਾਂਦਾ ਏ। ਅਛਾ ਕੋਈ ਫ਼ਿਕਰ ਨਹੀਂ ਸਭ ਕੁਝ ਹੋਵੇਗਾ। ਵਰਦਾਨ ਦੇਂਦਿਆਂ ਬਹੁਤ ਖੁਸ਼ੀਆਂ ਬਖਸ਼ੀਆਂ। ਇਸ ਵਰਦਾਨ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਨੇ ਅਪਣੀ ਕ੍ਰਿਪਾ ਨਾਲ ਪੂਰਾ ਕੀਤਾ ਤੇ ਇਸ ਨੰਨ੍ਹੇ ਜਹੇ ਪਰਿਵਾਰ ਦੀਆਂ ਬੁਝੀਆਂ ਹੋਈਆਂ ਆਸਾ ਉਮੀਦਾਂ ਨੂੰ ਨਵੀਂ ਬਹਾਰ ਤੇ ਰੌਸ਼ਨੀ ਬਖਸ਼ੀ। ਜਿਸ ਦੇ ਫਲ ਸਰੂਪ ਯਕੇ ਬਾਅਦ ਦੀਗਰੇ ਦੋ ਲੜਕੀਆਂ ਤੇ ਇਕ ਲੜਕਾ ਹੋਇਆ। ਵੱਡੀ ਲੜਕੀ ਹਰਭਜਨ ਕੌਰ ਜਿਸ ਦੇ ਪਤੀ ਦਾ ਨਾਮ ਸ੍ਰ. ਹਰਦੀਪ ਸਿੰਘ ਜੋ ਆਪਣੇ ਇਲਾਕੇ ਦੀ ਮੰਨੀ-ਪ੍ਰੰਮਨੀ, ਸੱਚੀ-ਸੁੱਚੀ ਸ਼ਖ਼ਸੀਅਤ ਦੇ ਮਾਲਕ ਹਨ। ਜਿ. ਗੁਰਦਾਸਪੁਰ ਦੇ ਪਿੰਡ ਹੋਠੀਆਂ ਦੇ ਰਹਿਣ ਵਾਲੇ ਹਨ। ਦੋ ਤਿੰਨ ਵਾਰੀ ਆਪਣੇ ਪਿੰਡ ਦੇ ਸਰਪੰਚ ਵੀ ਰਹਿ ਚੁੱਕੇ ਹਨ। ਇਨ੍ਹਾਂ ਦੇ ਦੋ ਲੜਕੇ ਰਾਜਵੰਤ ਸਿੰਘ (ਰਾਜਾ) ਮੋਟਰ ਮਕੈਨਿਕ, ਦੂਜਾ ਰਣਜੀਤ ਸਿੰਘ (ਰਾਣਾ) ਜੋ ਨਾਮਧਾਰੀ ਹਾਕੀ ਟੀਮ ਦਾ ਅੱਛਾ ਪਲੇਅਰ ਹੈ। ਦੂਜੀ ਲੜਕੀ ਕੰਵਲਜੀਤ ਕੌਰ ਜਿਸ ਦੇ ਪਤੀ ਦਾ ਨਾਮ ਸ੍ਰ. ਜਸਵਿੰਦਰ ਸਿੰਘ ਜੋ ਪੰਜਾਬ ਪੁਲਿਸ ਵਿੱਚ ਥਾਨੇਦਾਰ ਹੈ ਤੇ ਕਈ ਸਾਲਾਂ ਤੋਂ ਸ੍ਰੀ ਸਤਿਗੁਰੂ ਜੀ ਹਜ਼ੂਰੀ ਵਿੱਚ ਸਕਿਊਰਟੀ ਗਾਰਡ ਦੀ ਡਿਊਟੀ ਤੇ ਤਾਈਨਾਤ ਹੈ। ਆਪਣੇ ਹੀ ਬਣਾਏ ਮਕਾਨ ਵਿੱਚ ਸ੍ਰੀ ਭੈਣੀ ਸਾਹਿਬ ਰਹਿੰਦਾ ਹੈ। ਇਨ੍ਹਾਂ ਦੇ ਦੋ ਲੜਕੇ ਜੈ ਸਿੰਘ (੭) ਜਵੰਦ ਸਿੰਘ (੫) ਸਾਲ ਤੇ ਇੱਕ ਕੰਨਿਆ ਕੁਝ ਮਹੀਨਿਆਂ ਦੀ ਹੈ। ਸ੍ਰੀ ਸਤਿਗੁਰੂ ਜੀ ਦੀ ਅਪਾਰ ਕ੍ਰਿਪਾ ਸਦਕਾ ਸੰਤ ਗਿਆਨ ਸਿੰਘ ਜੀ ਦੇ ਛਪੰਜਵੇਂ ਸਾਲ ਵਿੱਚ ਲੜਕੇ ਨੇ ਜਨਮ ਲਿਆ। ਜਿਸ ਦਾ ਨਾਮ ਵੀ ਸਤਿਗੁਰੂ ਜੀ ਨੇ ਗੁਰਬਚਨ ਸਿੰਘ ਰੱਖਿਆ। ਬਹੁਤ ਸੁਸ਼ੀਲ, ਮਿੱਠੇ ਸੁਭਾਅ ਵਾਲਾ ਚੰਗਾ ਪੜ੍ਹਿਆ ਲਿਖਿਆ ਏ। ਆਪਣੇ ਪਿੰਡ ਹੀ ਖੇਤੀਬਾੜੀ ਦਾ ਕੰਮ ਕਰਦਾ ਹੈ। ਹੁਣ ਸਤਿਗੁਰੂ ਜੀ ਦੀ ਅਸ਼ੀਰਵਾਦ ਸਦਕਾ ਜਥੇਦਾਰ ਅਜੈਬ ਸਿੰਘ ਨੂੰ ਉਸਤਾਦ ਧਾਰਨ ਕਰ ਕੀਰਤਨ ਕਰਨ ਦੀ ਸਿੱਖਿਆ ਵੀ ਲੈ ਰਿਹਾ ਹੈ। ਇਸ ਦੀ ਸ਼ਾਦੀ ਪਿੰਡ ਰਾਮਪੁਰ (ਬੁੱਢੀ ਮਾੜੀ) ਦੇ ਸ੍ਰ. ਬਲੀ ਸਿੰਘ ਦੀ ਸਪੁੱਤਰੀ ਨਾਲ ਹੋਈ ਹੈ। ਇਨ੍ਹਾਂ ਦੇ ਦੋ ਲੜਕੇ ਗੰਗਾ ਸਿੰਘ (੭) ਤੇ ਸੇਵਾ ਸਿੰਘ (ਡੇਢ) ਸਾਲ ਦਾ ਹੈ! ਇਹ ਸਭ ਸ੍ਰੀ ਸਤਿਗੁਰੂ ਜੀ ਦੇ ਦਿੱਤੇ ਵਰਦਾਨ ਦੀ ਕ੍ਰਿਪਾ ਹੈ।

ਕੁਦਰਤ ਨੇ ਅਧਿਆਤਮਕ ਮੰਡਲ ਵਿੱਚ ਸੰਤ ਗਿਆਨ ਸਿੰਘ ਹੁਰਾਂ ਨੂੰ ਜਿਥੇ ਸ਼ੁਭ ਗੁਣਾਂ, ਜਤ-ਸਤ, ਸਬਰ-ਸੰਤੋਖ, ਖਿਮਾਂ, ਦਇਆ, ਧੀਰਜ, ਸ਼ਹਿਨਸ਼ੀਲਤਾ ਦਾ ਅਮੁੱਕ ਖ਼ਜ਼ਾਨਾ ਬਖਸ਼ਿਆ ਸੀ। ਉਥੇ ਨਿਮਰ ਸੁਭਾਵੀ ਹੋ ਨਾਮਧਾਰੀ ਸੰਸਾਰ ਤੋਂ ਇਲਾਵਾ ਆਮ ਲੋਕਾਂ ਵਿੱਚ ਵੀ ਭਰਪੂਰ ਜੱਸ

ਖੱਟਿਆ। ਮਨ ਦੀ ਸਾਧਨਾ ਤੇ ਆਪ ਬੜਾ ਜ਼ੋਰ ਦਿਆ ਕਰਦੇ ਸਨ। (ਮਮਾ ਮਨ ਸਿਉ ਕਾਜ ਹੈ ਮਨ ਸਾਧੇ ਸਿਧਿ ਹੋਇ) ਮਨ ਦੀ ਸਾਧਨਾ ਤੇ ਬੜਾ ਬਲ ਦਿੱਤਾ। ਜੜ੍ਹ-ਚੇਤਨ ਮਾਇਆ, ਕਾਮ ਕ੍ਰੋਧ ਜੈਸੇ ਪ੍ਰਮਾਰਥ ਦੇ ਵੈਰੀ ਦੂਤਾਂ ਨੂੰ ਇਸ ਮਹਾਂ ਪੁਰਸ਼ ਨੇ ਆਪਣੇ ਨੇੜੇ ਨਹੀਂ ਫਟਕਣ ਦਿੱਤਾ। ਬੜੀ ਸਾਵਧਾਨੀ ਦੇ ਨਾਲ ਸਰੀਰ ਦੀ ਸੰਭਾਲ ਕੀਤੀ, ਰਾਖੀ ਕੀਤੀ ਸਰੀਰ ਦੇ ਓਜ ਤਾਕਤ ਦੀ। ਉਨ੍ਹਾਂ ਦੱਸਣਾ, ਵਕਤ ਸੀ ਯਤੀਮ ਹੋਣ ਕਰਕੇ ਆਪਣੇ ਹਾਣੀਆਂ ਨਾਲੋਂ ਭਾਵੇਂ ਮੈਂ ਸਭ ਤੋਂ ਕਮਜ਼ੋਰ ਹੁੰਦਾ ਸਾਂ ਪਰ ਧਨ ਉਹ ਮਾਤਾ ਜਿਸ ਨੇ ਵਿਧਵਾ ਹੁੰਦਿਆਂ ਅਨੰਤ ਦੁਖੜੇ ਤੇ ਠੋਕਰਾਂ ਬਰਦਾਸ਼ਤ ਕਰ ਆਪਣੇ ਅੰਦਰ ਦੀ ਪੂਰੀ ਰੀਝ ਤੇ ਸ਼ਕਤੀ ਨਾਲ ਮੇਰਾ ਪਾਲਣ-ਪੋਸ਼ਣ ਕੀਤਾ। ਆਪਣੇ ਅੰਦਰ ਦੀ ਸਾਰੀ ਮਮਤਾ ਮੇਰੇ ਰੋਮ-ਰੋਮ ਵਿੱਚ ਉਡੇਲ ਦਿੱਤੀ। ਸੂਬਾ ਜੀ ਉਸ ਮਾਤ੍ਰ ਰਿਣ ਦਾ ਬੋਝ ਤਾਂ ਮੈਂ ਕਈ ਜਨਮ ਧਾਰ ਕੇ ਵੀ ਨਹੀਂ ਉਤਾਰ ਸਕਦਾ। ਇਹ ਜੋ ਕੁਝ ਵੀ ਮਾਨ-ਸਤਿਕਾਰ ਤੇ ਇੱਜ਼ਤ ਸਾਧ ਸੰਗਤ ਤੇ ਹੋਰ ਆਮ ਲੋਕਾਂ ਵਿੱਚ ਹੈ, ਇਹ ਸਭ ਉਸ ਮਾਂ ਦੀ ਬਦੌਲਤ ਤੇ ਸ੍ਰੀ ਸਤਿਗੁਰੂ ਜੀ ਦੀ ਅਪਾਰ ਕ੍ਰਿਪਾ ਸਦਕਾ ਹੈ।

ਗੱਲਾਂ ਕੁਝ ਉਨ੍ਹਾਂ ਦੇ ਵਿਅਕਤੀਗਤ ਜੀਵਨ ਤੇ ਸ਼ੁਧ ਆਚਰਨ ਦੀਆਂ।

ਆਪ ਜੀ ਦੱਸਿਆ ਕਰਦੇ ਸਨ ਮੈਂ ਪੰਜ ਮਨ ਪੱਕਾ ਭਾਰ ਚੁਕ ਲਿਆ ਕਰਦਾ ਸਾਂ ਸਹਜ ਨਾਲ। ਆਪਣੇ ਇਲਾਕੇ ਵਿੱਚ ਮੇਰਾ ਨਾਉਂ ਚੰਗਾ ਪ੍ਰਸਿੱਧ ਹੋ ਗਿਆ ਸੀ। ਜਿਨ੍ਹਾਂ ਮੈਂ ਸਭ ਤੋਂ ਕਮਜ਼ੋਰ ਹੁੰਦਾ ਸਾਂ। ਮਾਤਾ ਦੀ ਦੇਖ-ਰੇਖ ਅੰਦਰ ਸਭ ਤੋਂ ਚੰਗਾ ਸਾਂ। ਇਕ ਵਾਰ ਨੇੜਲੇ ਪਿੰਡ ਨਾਲ ਭਾਰ ਚੁੱਕਣ ਦਾ ਮੁਕਾਬਲਾ ਪੈ ਗਿਆ ਤੇ ਮੈਂ ਵਿਆਹ ਤੋਂ ਬਾਅਦ ਅਜੇ ਮੁਕਲਾਵਾ ਲੈ ਕੇ ਹੀ ਆਇਆ ਸਾਂ ਕਿ ਪਿੰਡ ਦੇ ਮੁਖੀ ਸਜਣ ਕਹਿਣ ਲੱਗੇ। "ਜਥੇਦਾਰਾ ਹੁਣ ਤੋਂ ਪਿੰਡ ਦੀ ਇੱਜ਼ਤ ਦਾ ਸਵਾਲ ਏ ਤੇ ਤੂੰ ਨਵਾਂ-ਨਵਾਂ ਮੁਕਲਾਵਾ ਲੈ ਕੇ ਆਇਆ ਏਂ।" ਮੈਂ ਉਨ੍ਹਾਂ ਦੇ ਇਸ਼ਾਰੇ ਨੂੰ ਸਮਝ ਲਿਆ ਤੇ ਕਿਹਾ ਤੁਸੀਂ ਕੋਈ ਫ਼ਿਕਰ ਨਾ ਕਰੋ। ਸਤਿਗੁਰ ਜੀ ਭਲੀ ਕਰਨਗੇ। ਗੁਰਬਾਣੀ ਦੇ ਇਸ ਵਾਕ (ਨਿਹੱਤੇ ਪੰਜ ਜੁਆਨ ਮੈਂ ਗੁਰ ਥਾਪੀ ਦਿੱਤੀ ਕੰਢਿ ਜੀਉ।) ਤੇ (ਕਾਮ-ਕ੍ਰੋਧ ਇਸ ਤਨ ਤੇ ਮਾਰਿ ਮ:੫) ਸਤਿਗੁਰ ਜੀ ਦੀ ਕ੍ਰਿਪਾ ਨਾਲ ਮਨ ਉੱਤੇ ਇਤਨਾਂ ਕਾਬੂ ਸੀ ਕਿ ਇਸਤਰੀ ਨਾਲ ਹਮ-ਬਿਸਤਰ ਹੁੰਦਿਆਂ ਵੀ ਸਰੀਰਕ ਸੰਬੰਧ ਨਹੀਂ ਕੀਤਾ। ਭਾਵੇਂ ਮੈਨੂੰ ਸੌਹਰੇ ਘਰ ਜਾ ਕ ਇਹ ਉਲ੍ਹਾਮਾ (ਮੁੰਡਿਆ ਜੇ ਤੂੰ ਗ੍ਰਹਿਸਤ ਦੇ ਕਾਬਲ ਨਹੀਂ ਸੀ ਤਾਂ ਵਿਆਹ ਕਿਉਂ ਕਰਵਾਇਆ) ਸੁਨਣਾ ਪਿਆ ਸੀ। ਪਰ ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਮੁਕਾਬਲਾ ਜਿੱਤ ਪਿੰਡ ਦੀ ਸ਼ਾਨ ਉੱਚੀ ਕੀਤੀ। ਇਸ ਤਰ੍ਹਾਂ ਹੀ ਰੱਸਾ-ਕੱਸ਼ੀ ਤੇ ਕਬੱਡੀ ਆਦਿ ਖੇਡਾਂ ਵਿੱਚ ਵੀ ਚੰਗਾ ਨਾਮ ਬਣਿਆ ਰਿਹਾ ਤੇ ਪਾਕਿਸਤਾਨ ਬਨਣ ਤੋਂ ਬਾਅਦ ਏਧਰ ਆ ਕੇ ਦੀਵਾਨ ਦੇ ਨਾਲ-ਨਾਲ ਖੇਡਾਂ ਨੂੰ ਵੀ ਜਾਰੀ ਰੱਖਿਆ।

ਐਸਾ ਹੀ ਇਕ ਉਦਾਹਰਨ ਹੈ। ਸੰਤਾਂ ਦੇ ਇੱਕ ਨਿਕਟਵਰਤੀ ਮਿੱਤਰ ਮਹੰਤ ਹਜ਼ਾਰਾ ਸਿੰਘ, ਦਾ ਪਰਿਵਾਰ ਅੱਜਕੱਲ੍ਹ ਗਵਾਲੀਅਰ ਦੇ ਇੱਕ ਪਿੰਡ ਬਿੱਚੀ ਰਹਿੰਦਾ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਾਰ ਕ੍ਰਿਪਾ ਕਰਕੇ ੧੨ ਜੂਨ ੧੯੯੫ ਨੂੰ ਉਨ੍ਹਾਂ ਦੇ ਗ੍ਰਹਿ ਅਖੰਡ ਵਰਨੀ ਚਾਲੂ ਕਰਵਾਈ ਸੀ। ਜੋ ਅੱਜ ਤੱਕ ਚਲ ਰਹੀ ਹੈ ਸਤਿਗੁਰ ਜੀ ਦੀ ਕ੍ਰਿਪਾ ਨਾਲ ਨਿਰਵਿਘਨ।

ਇਨ੍ਹਾਂ ਦੇ ਘਰ ਪਿੰਡ ਵੀਰੋਕੇ ਵਰਨੀ ਚਲ ਰਹੀ ਸੀ। ਮਾਤਾ ਪਿਤਾ ਦਾ ਸਾਇਆ ਸਿਰ ਤੋਂ ਉੱਠ ਚੁੱਕਾ ਸੀ ਤੇ ਘਰ ਆਈ ਸਾਧ ਸੰਗਤ ਲਈ ਲੰਗਰ ਦਾ ਕੰਮ ਆਪ ਹੀ ਕਰ ਰਹੇ ਸਨ। ਵਿਚੋਂ ਹੀ ਇਕ ਦਰਦਵੰਦ ਗੁਰਸਿੱਖ ਕਰਤਾਰ ਸਿੰਘ ਪਿੰਡ ਜਤਾਰ ਜ਼ਿ. ਗੁਰਦਾਸਪੁਰ ਨੇ ਮਹਿਸੂਸ ਕੀਤਾ ਤੇ ਆਖਿਆ, ਲੋੜ ਹੈ ਇਸ ਘਰ ਵਿੱਚ ਇਸਤ੍ਰੀ ਦੀ ਤਾਂਕਿ ਬੂਹਾ ਖੁਲ੍ਹਾ ਰਹੇ ਤੇ ਆਈ ਸਾਧ ਸੰਗਤ ਦੀ ਸੇਵਾ ਹੁੰਦੀ ਰਹੇ। ੯-੧੦ ਸਾਲ ਦੀ ਲੜਕੀ ਹੈ ਮੇਰੀ। ਜੇ ਹਜ਼ਾਰਾਂ ਸਿੰਘ ਨੂੰ ਪ੍ਰਵਾਨ ਹੋਵੇ ਤਾਂ

ਇਸ ਤਰ੍ਹਾਂ ਹੀ ਸਾਧ ਸੰਗਤ ਨੂੰ ਨਾਲ ਲੈ ਮੇਰੇ ਘਰ ਆ ਜਾਵੇ। ਵਰਨੀਂ ਕਰ ਲਾਵਾਂ ਪੜ੍ਹ ਆਪਣੇ ਘਰ ਲੈ ਆਵੇ। ਇੰਝ ਹੀ ਹੋਇਆ ਕਰਤਾਰ ਸਿੰਘ ਦੇ ਘਰ ਸਾਧਾਂ ਵਰਨੀ ਕੀਤੀ। ਸ੍ਰੀ ਗ੍ਰੰਥ ਸਾਹਿਬ ਤੋਂ ਲਾਵਾਂ ਦਾ ਉਚਾਰਨ ਕਰ ਘਰ ਆ ਗਏ। ੯-੧੦ ਸਾਲ ਦੀ ਲੜਕੀ ਜੀਤੋ ਤੇ ੨੭-੨੮ ਸਾਲ ਦਾ ਸੰਤ ਹਜ਼ਾਰਾਂ ਸਿੰਘ ਆਪਣੇ ਘਰ ਦੀ ਨਵ-ਉਸਾਰੀ ਵਿੱਚ ਜੁਟ ਗਏ। ਪਰ ਉਸ ਜਵਾਂ-ਮਰਦ, ਸ਼ੁਧ ਚਰਿਤ੍ਰਧਾਰੀ ਇਨਸਾਨ ਹਜ਼ਾਰਾਂ ਸਿੰਘ ਨੇ ਉਨ੍ਹਾਂ ਚਿਰ ਸਰੀਰਕ ਸੰਬੰਧ ਨਹੀਂ ਕੀਤਾ, ਜਿਨ੍ਹਾਂ ਚਿਰ ਉਸ ਦੀ ਅਰਧੰਗਨੀ ੧੬-੧੭ ਸਾਲ ਦੀ ਹੋ ਨਹੀਂ ਗਈ। ਅੱਜ ਉਸ ਸੰਤ ਹਜ਼ਾਰਾਂ ਸਿੰਘ ਦੇ ਪੰਜ ਪੁੱਤਰ ਹਨ ਜਿਨ੍ਹਾਂ ਵਿਚੋਂ ਅਵਤਾਰ ਸਿੰਘ ਜਥੇਦਾਰ ਵੀ ਹੈ, ਜੋ ਬਹੁਤ ਸੋਹਣਾ ਕੀਰਤਨ ਕਰਦਾ ਹੈ। ਸਾਰਾ ਪਰਿਵਾਰ ਸਤਿਗੁਰੂ ਜੀ ਤੇ ਪੂਰਨ ਸ਼ਰਧਾ ਰੱਖਦਾ ਹੈ। (ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ। ੫:੩) ਐਸੇ ਮਹਾਂਪੁਰਸ਼ ਜਿਨ੍ਹਾਂ ਨੇ ਆਪਣੇ ਮਨ ਦੀ ਸਾਧਨਾ ਕਰ ਮਨ ਤੇ ਕਾਬੂ ਪਾਇਆ ਸ਼ਾਇਦ ਕਰੋੜਾਂ 'ਚੋਂ ਹੀ ਇੱਕ ਅੱਧ ਹੁੰਦੇ ਹਨ।

ਮਜ਼ਮੂਨ ਬਹੁਤ ਲੰਬਾ ਨ ਹੋ ਜਾਵੇ, ਇਸ ਲਈ ਉਨ੍ਹਾਂ ਦੇ ਮਾਨਵੀ ਗੁਣਾਂ ਦਾ ਥੋੜ੍ਹਾ-ਥੋੜ੍ਹਾ ਹੀ ਜ਼ਿਕਰ ਕੀਤਾ ਜਾਂਦਾ ਏ।

ਕਿਸੇ ਬੇ-ਸਹਾਰਾ-ਦੁਖੀਏ ਤੇ ਦਇਆ ਕਰਨੀ ਉਸ ਨੂੰ ਸਹਾਰਾ ਦੇਣਾ, ਸੰਤਾਂ ਦੇ ਦਰਦਮੰਦ ਦਿਲ ਦਾ ਜ਼ਿਕਰ ਹੈ। ਉਨ੍ਹਾਂ ਦੇ ਹੀ ਨਗਰ ਬਹਾਦਰ ਸੈਣ ਉਨ੍ਹਾਂ ਦੀ ਅੰਤੇਸ਼ਟੀ ਤੋਂ ਬਾਅਦ ਮੈਂ ਉਨ੍ਹਾਂ ਦੇ ਨਗਰ ਗਿਆ। ਇਕ ਗੁਰਮੁਖ ਪਿਆਰੇ ਭਾਈ ਟਹਿਲ ਸਿੰਘ ਦੀ ਸੁਪਤਨੀ ਬੀਬੀ ਬਾਵੀ ਨੇ ਸੰਤਾਂ ਦੇ ਸਵਰਗਵਾਸ ਹੋ ਜਾਣ ਦਾ ਬਹੁਤ ਦੁਖ ਮਹਿਸੂਸ ਕਰਦਿਆਂ ਆਪਣੀ ਹੱਡ-ਬੀਤੀ ਦਾ ਬੜਾ ਕਰੁਣਾਮਈ ਰਸ ਵਿੱਚ ਜ਼ਿਕਰ ਕਰਦਿਆਂ ਦੱਸਿਆ ਕਿ ਸੰਤ ਜੀ ਤਾਂ ਸ਼ਾਡੇ ਨਗਰ ਦੇ ਪਰਉਪਕਾਰੀ ਮਹਾਂਪੁਰਸ਼ ਸਨ। ਸੰਨ ੧੯੫੬ ਵਿੱਚ ਕਈ ਦਿਨ ਬਹੁਤ ਬਾਰਸ਼ਾਂ ਹੋਈਆਂ। ਪਿੰਡ ਦੀਆਂ ਗਲੀਆਂ ਵਿੱਚ ਗੋਡੇ-ਗੋਡੇ ਪਾਣੀ ਫਿਰਦਾ ਸੀ, ਕਈ ਘਰ ਅੱਧ-ਪਚੱਦੇ ਡਿੱਗ ਗਏ ਸਨ। ਮਾਲੀ ਨੁਕਸਾਨ ਦੇ ਨਾਲ-ਨਾਲ ਜਾਨੀ ਨੁਕਸਾਨ ਵੀ ਬਹੁਤ ਹੋਇਆ। ਸਾਡਾ ਮਕਾਨ ਵੀ ਜੋ ਸੰਤਾ ਦੇ ਘਰ ਤੋਂ ਥੋੜ੍ਹੀ ਹੀ ਦੂਰ ਸੀ ਢਹਿ ਗਿਆ ਸੀ। ਥੋੜ੍ਹਾ ਜਿਹਾ ਸਹਾਰਾ ਬਣਾ ਮਸਾਂ ਸਿਰ ਲੁਕਾਵਾ ਕਰਕੇ ਬੈਠੇ ਸਾਂ, ਰਾਤ ਵੀ ਬੈਠਿਆਂ ਹੀ ਗੁਜ਼ਰੀ। ਦਿਨੇ ਪ੍ਰਸ਼ਾਦ ਪਾਣੀ ਬਨਾਉਣ ਦਾ ਵੀ ਕੋਈ ਢੰਗ ਨਜ਼ਰ ਨ ਆਵੇ। ਸੰਤਾ ਦੀ ਨਜ਼ਰ ਪਈ ਤੇ ਦਰਦਮੰਦ ਦਿਲ ਦ੍ਰਵਿਆ ਤੇ ਆਪਣੀ ਮਾਤਾ ਨੂੰ ਮੁਖਾਤਿਬ ਹੋ ਕਿਹਾ। ਬੇਬੇ ਔਹ ਸਾਹਮਣੇ ਉਨ੍ਹਾਂ ਪਾਸ ਕੋਈ ਸਹਾਰਾ ਨਜ਼ਰ ਨਹੀਂ ਆ ਰਿਹਾ। ਜਾਪਦਾ ਏ ਬਹੁਤ ਤਕਲੀਫ਼ ਵਿੱਚ ਨੇ। ਉਨ੍ਹਾਂ ਨੂੰ ਏਥੇ ਲੈ ਆਈਏ। ਐਸ ਵੇਲੇ ਉਨ੍ਹਾਂ ਦੇ ਔਖੇ ਸਮੇਂ ਜੇ ਕੰਮ ਆ ਸਕੀਏ ਤਾਂ ਆਪਣਾ ਸੁਭਾਗ ਹੀ ਸਮਝੀਏ। ਉਸ ਉਦਾਰ ਦਿਲ ਮਾਤਾ ਨੇ ਇੱਕ ਮਿੰਟ ਵੀ ਦੇਰ ਨਹੀਂ ਲਾਈ। ਆਈ ਤੇ ਆਪਣੇ ਘਰ ਲੈ ਗਈ ਤੇ ਆਪਣੀ ਠੰਡੀ ਛਾਇਆ ਸਾਡੇ ਸਿਰ ਤੇ ਬਣਾਈ ਰੱਖੀ।

ਇੱਕ ਵਾਰੀ ਮੇਰੇ ਪਤੀ (ਸ੍ਰ. ਟਹਿਲ ਸਿੰਘ) ਬਿਮਾਰ ਹੋ ਗਏ। ਹਸਪਤਾਲ ਦਾਖਲ ਕਰਾਉਣਾ ਪਿਆ। ਇਲਾਜ ਬਹੁਤ ਮਹਿੰਗਾ ਸੀ। ਬੜੇ ਮਾਯੂਸ ਹੋਏ। ਉਦੋਂ ਵੀ ਸੰਤ ਜੀ ਨੇ ਮਾਇਆ ਕਰਕੇ ਸਾਡੀ ਬਹੁਤ ਮਦਦ ਕੀਤੀ। ਉਹਨਾਂ ਦੀ ਕ੍ਰਿਪਾ ਸਦਕਾ ਰਾਜ਼ੀ ਹੋ ਘਰ ਆਏ। ਅਸੀਂ ਤਾਂ ਤਾ ਜ਼ਿੰਦਗੀ ਉਨ੍ਹਾਂ ਦੇ ਇਸ ਉਪਕਾਰ ਦੇ ਰਿਣੀ ਹਾਂ। ਅਜੇ ਤਾਂ ਉਨ੍ਹਾਂ ਦੀ ਬਹੁਤ ਲੋੜ ਸੀ। ਪਰ ਕਰਤੇ ਦੀ ਰਜ਼ਾ ਅੱਗੇ ਤਾਂ ਕੋਈ ਜ਼ੋਰ ਨਹੀਂ। ਉਸ ਦਾ ਭਾਣਾ ਮਨਣਾ ਹੀ ਪੈਂਦਾ ਏ।

ਸੰਤ ਜੀ ਆਪ ਦੱਸਦੇ ਹੁੰਦੇ ਸਨ ਕਿ ਉਨ੍ਹਾਂ ਹੀ ਦਿਨਾਂ ਵਿੱਚ ਬਾਰਸ਼ਾਂ ਕਰਕੇ ਸਾਡੇ ਵੀ ਗਲੀ ਵੱਲ ਦੇ ਕਮਰਿਆਂ ਦੀਆਂ ਕੰਧਾਂ ਡਿੱਗੀਆਂ ਤਾਂ ਨਹੀਂ ਸਨ। ਪਰ ਥਲਿਉਂ ਜ਼ਮੀਨ ਏਨੀ ਪੋਲੀ ਹੋ ਗਈ ਸੀ। ਛਤ ਸਮੇਤ ਕੰਧਾਂ ਥੱਲੇ ਨੂੰ ਬੈਠਦੀਆਂ ਨਜ਼ਰ ਆ ਰਹੀਆਂ ਸਨ। ਅਸੀਂ ਸਾਰਾ ਪਰਿਵਾਰ

ਸਿਮਰਨ ਕਰਦਿਆਂ ਸ੍ਰੀ ਸਤਿਗੁਰੂ ਚਰਨਾ ਨਾਲ ਅਰਦਾਸ ਵਿੱਚ ਜੁੜ ਗਏ। ਨੇੜਹੂੰ ਤੇ ਨੇੜਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਸਚੇ ਪਾਤਸ਼ਾਹ ਨੇ ਛੱਤ ਨੂੰ ਆਪਣੇ ਕਰ ਕੰਵਲਾਂ ਦਾ ਸਹਾਰਾ ਦਿੰਦਿਆਂ ਫੁਰਮਾਇਆ। ਤੁਸੀਂ ਚਿੰਤਾ ਨ ਕਰੋ। ਮੈਂ ਕੋਠਾ ਨਹੀਂ ਡਿੱਗਣ ਦੇਂਦਾ। ਤੁਸੀਂ ਭਜਨ ਕਰੀ ਚਲੋ।

ਐਸੇ ਹੀ ਉਨ੍ਹਾਂ ਦੇ ਸਹਿਜ-ਸਰਲ ਸੁਭਾ ਵਿੱਚ ਅਨੇਕਾਂ ਹੀ ਗੁਣ ਸਨ, ਜਿਵੇਂ ਕਿ ਉਨ੍ਹਾਂ ਦੇ ਲਖ਼ਤੇ ਜਿਗਰ ਗੁਰਬਚਨ ਸਿੰਘ ਨੇ ੧ ਅਕਤੂਬਰ ੧੯੯੯ ਨੂੰ ਉਨ੍ਹਾਂ ਦੀ ਪਵਿੱਤਰ ਯਾਦ ਵਿੱਚ ਲੱਗੇ ਦੀਵਾਨ ਵਿੱਚ ਸ਼ਾਧ ਸੰਗਤ ਦਾ ਧੰਨਵਾਦ ਕਰਦਿਆਂ ਆਪਣੇ ਸ਼ਬਦਾਂ ਵਿੱਚ ਦੱਸਿਆ ਕਿ ਕਈ ਵਾਰ ਤਾਰਿਆਂ ਭਰੀ ਰਾਤ ਦੀ ਖ਼ਾਮੋਸ਼ੀ ਵਿੱਚ ਪਿਤਾ ਜੀ ਨੇ ਆਪਣੇ ਸੰਘਰਸ਼ਮਈ ਜੀਵਨ ਵਿੱਚ ਆਈਆਂ ਔਕੜਾਂ-ਕਠਿਨਾਈਆਂ ਦਾ ਜ਼ਿਕਰ ਕਰਦਿਆਂ ਕਹਿਣਾ। ਮੈਂ ਤੈਨੂੰ ਇਸ ਲਈ ਨਹੀਂ ਦੱਸ ਰਿਹਾ ਕਿ ਮੇਰੇ ਨਾਲ ਐਹ ਕੁਝ ਬੀਤਿਆ ਏ ਬਲਕਿ ਇਸ ਲਈ ਦੱਸ ਰਿਹਾ ਹਾਂ ਕਿ ਇਸ ਜ਼ਿੰਦਗੀ ਦੇ ਲੰਬੇ ਸਫ਼ਰ ਵਿੱਚ ਜੇ ਤੇਰੇ ਨਾਲ ਵੀ ਐਸਾ ਕੁਝ ਬੀਤ ਜਾਏ ਤਾਂ ਜਰ ਜਾਵੀਂ, ਜੇ ਇਸ ਤੋਂ ਵੀ ਵੱਧ ਬੀਤੇ ਤਾਂ ਵੀ ਜਰ ਜਾਵੀਂ ਪੁੱਤਰ! ਕਿਉਂਕਿ ਤੂੰ ਮੇਰਾ ਪੁੱਤਰ ਹੈ। ਨਾਲ ਹੀ ਦ੍ਰਿੜ੍ਹਤਾ ਨਾਲ, ਸਿਦਕ ਦਿਲੀ ਨਾਲ ਸਤਿਗੁਰ ਦਾ ਲੜ ਘੁਟ ਕੇ ਫੜ ਰੱਖ ਤੇ ਆਪਣੇ ਅੰਗ-ਸੰਗ ਸਮਝੀਂ।

ਬਹੁਤ-ਬਹੁਤ ਗ਼ਜ਼ਬ ਦੀ ਜਰਨ ਸ਼ਕਤੀ ਸੀ ਉਨ੍ਹਾਂ ਵਿੱਚ। ਕਈ ਗੱਲਾਂ ਲਿਖਣ ਤੋਂ ਸੰਕੋਚ ਕਰਨਾ ਪੈਂਦਾ ਏ। ਕਿਉਂਕਿ ਉਨ੍ਹਾਂ ਨਾਲ ਬੀਤੀਆਂ ਘਟਨਾਵਾਂ ਦਾ ਜੇ ਜ਼ਿਕਰ ਕੀਤਾ ਜਾਵੇ ਤਾਂ ਸੱਚ ਬਹੁਤ ਕੜਵਾ ਲੱਗਦਾ ਏ। ਕਈ ਵਾਰ ਮੈਂ ਹਰਬੰਸ ਸਿੰਘ "ਦੋਸ਼ੀ" ਨੇ ਆਪਣੀ ਅੱਖੀ ਡਿੱਠਾ। ਜੋ ਉਨ੍ਹਾਂ ਦੇ ਸਾਹਮਣੇ ਮੁਸ਼ਕਿਲਾਂ ਆਈਆਂ। ਜਿਨ੍ਹਾਂ ਨੂੰ ਆਪ ਜੀ ਨੇ ਬੜੇ ਠਰੰਮੇ ਤੇ ਹੌਂਸਲੇ ਤੇ ਜੇਰੇ ਨਾਲ ਬਰਦਾਸ਼ਤ ਕੀਤਾ। ਜ਼ਰਾ ਸੀ ਤੱਕ ਨਹੀਂ ਉਚਾਰਿਆ ਮੁਖ ਤੋਂ। ਕਿਤੇ ਉਸ ਦਾ ਇਜ਼ਹਾਰ ਤੱਕ ਨਹੀਂ ਕੀਤਾ। ਐਨੀ ਜਰਨ ਸਕਤੀ ਤੱਕ ਆਪ ਮੁਹਾਰਾ ਹੀ ਮੂੰਹੋਂ ਨਿਕਲ ਜਾਂਦਾ ਏ। ਧੰਨ ਹੋ ਸੰਤ ਗਿਆਨ ਸਿੰਘ ਜੀ ਤੁਸੀਂ ਧੰਨ ਹੋ।

ਸਬਰ ਅੰਦਰ ਸਾਬਰੀ ਸਨ ਉਹ ਮਹਾਂ ਪੁਰਖ ਬੜੀ ਵਧੀਆ ਜੀਊਣ ਜਾਂਚ ਸੀ ਉਨ੍ਹਾਂ ਨੂੰ। ਸੰਤ ਗਿਆਨ ਸਿੰਘ ਜੀ ਦੀ ਜਰਨ-ਸ਼ਕਤੀ ਬਾਰੇ ਕਹੀ ਗੱਲ ਨੂੰ ਹੋਰ ਪਕਿਆਂ ਕਰਦੀ ਹੈ ਅੱਜ ਤੋਂ ਕੋਈ ੫-੬ ਸਾਲ ਪਹਿਲਾਂ ਰਮੇਸ਼ ਨਗਰ ਨਾਮਧਾਰੀ ਧਰਮਸ਼ਾਲਾ ਵਿੱਚ ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ ਸਾਡੇ ਹਿਰਦੇ ਸਮਰਾਟ ਸ੍ਰੀ ਸਤਿਗੁਰੂ ਜੀ ਦੇ ਮੁਖਾਰਬਿੰਦ ਤੋਂ ਉਚਾਰੇ ਹੋਏ ਉਹ ਬਚਨ ਜਦੋਂ ਸੰਤ ਗਿਆਨ ਸਿੰਘ ਹਜ਼ੂਰੀ ਰਾਗੀਆਂ ਨਾਲ ਕੀਰਤਨ ਵਿੱਚ ਸ਼ਾਮਲ ਸਨ। ਹਜ਼ੂਰ ਨੇ ਫੁਰਮਾਇਆ ਕਿ ਔਹ ਸਾਹਮਣੇ ਸੰਤ ਗਿਆਨ ਸਿੰਘ ਹੁਰੀਂ ਬੈਠੇ ਨੇ, ਇਨ੍ਹਾਂ ਉੱਤੇ ਵੀ ਬੜੀਆਂ ਹਨ੍ਹੇਰੀਆਂ ਝੁਲੀਆਂ ਨੇ। ਪਰ ਇਨ੍ਹਾਂ ਆਪਣੀ ਸੇਧ ਨਹੀਂ ਛੱਡੀ। ਜਿਵੇਂ ਹਵਾਈ ਜਹਾਜ਼ ਹਜ਼ਾਰਾਂ ਫੁਟ ਉੱਚਾਈ ਤੇ ਉੱਡਦਾ ਬਦਲਾਂ-ਤੂਫ਼ਾਨਾਂ ਦਾ ਸਾਹਮਣਾ ਕਰਦਾ ਆਪਣੀ ਸੇਧ ਨਹੀਂ ਛੱਡਦਾ।

ਸ੍ਰੀ ਭੈਣੀ ਸਾਹਿਬ ੨ ਅਕਤੂਬਰ ਨੂੰ ਸੰਤਾਂ ਨਮਿੱਤ ਕੀਤੇ ਮੇਲੇ ਤੇ ਸ਼ਰਧਾਂਜਲੀ ਸਮਾਰੋਹ ਤੋਂ ਬਾਅਦ ਸ੍ਰੀ ਸਤਿਗੁਰ ਜੀ ਨੇ ਆਪਣੇ ਪ੍ਰਵਚਨਾਂ 'ਚ ਫਰਮਾਇਆ। ਜਥੇ. ਗਿਆਨ ਸਿੰਘ ਜੀ ਤੇ ਸਤਿਗੁਰਾਂ ਦੀ ਬੜੀ ਕ੍ਰਿਪਾ ਸੀ। ਕਈ ਵਾਰ ਉਨ੍ਹਾਂ ਨਾਲ ਹਾਸਾ-ਮਖੌਲ ਵੀ ਕਰ ਲਈ ਦਾ ਸੀ। ਪਰ ਉਨ੍ਹਾਂ ਨੂੰ ਕਦੇ ਗੁੱਸਾ ਨਹੀਂ ਸੀ ਆਇਆ। ਹੱਸ ਕੇ ਗੱਲ ਨੂੰ ਟਾਲ ਦਿੰਦੇ ਸੀ। ਬੜੇ ਠੰਡੇ ਸੁਭਾ ਦੇ ਮਾਲਕ ਸਨ।

ਸ਼ੁੱਧ ਸਾਫ਼-ਸੁਥਰਾ ਆਚਰਨ ਤੇ ਵਿਹਾਰ ਦੀ ਸ਼ੁੱਧਤਾ ਤਾਂ ਉਨ੍ਹਾਂ ਦੇ ਸਫ਼ਲ ਜੀਵਨ ਦਾ ਮਹੱਤਵਪੂਰਨ ਅੰਗ ਸਨ। ਜਿਥੇ ਵੀ ਅਖੰਡ ਪਾਠ ਜਾਂ ਕੀਰਤਨ ਕਰਨ ਜਾਣਾ। ਨਾਲ ਦੇ ਸਰੀਰਾਂ ਨੂੰ ਕਹਿਣਾ। ਮੇਰ ਕੋਲ ਬੈਠਿਆ ਕਰੋ। ਗਲੀਆਂ ਬਜ਼ਾਰਾਂ 'ਚ ਨਹੀਂ ਫਿਰਨਾਂ। ਕਿਉਂਕਿ ਇਸ ਦੇ ਨਾਲ ਤੁਹਾਡੇ ਕੰਨਾ ਰਸਨਾਂ ਤੇ ਅੱਖਾਂ ਤੇ ਜੋ ਥੋੜ੍ਹਾ ਬਹੁਤ ਪਵਿੱਤਰਤਾ ਦਾ ਅੰਸ਼ ਹੈ ਉਹ ਨਸ਼ਟ

ਹੋਏਗਾ। ਤੁਸੀਂ ਲੋਕਾਂ ਨੂੰ ਨਹੀਂ ਵੇਖਣਾ, ਬਲਕਿ ਲੋਕਾਂ ਨੇ ਤੁਹਾਨੂੰ ਵੇਖਣਾ ਹੈ। ਤੁਹਾਡੇ ਉਠਨ-ਬੈਠਣ ਤੇ ਬੋਲਚਾਲ ਨੂੰ ਉਨ੍ਹਾਂ ਤਕਨਾ ਏ ਤੇ ਚੰਗਾ-ਮਾੜਾ ਅਸਰ ਗ੍ਰਹਿਣ ਕਰਨਾ ਏ। ਜਿਸ ਘਰ ਵਿੱਚ ਤੁਹਾਡਾ ਡੇਰਾ ਹੋਵੇ ਫੁਲਾਂ ਵਾਂਗ ਰਹੋ। ਬਾਣੀ ਪੜ੍ਹਦੇ ਸਿਮਰਨ ਕਰਦੇ ਫੁਲਾਂ ਵਾਂਗ ਖੁਸ਼ਬੂ ਬਖੇਰਦੇ ਉਸ ਅਸਥਾਨ ਨੂੰ ਨਾਮ ਰਸ ਨਾਲ ਰਸ ਭਰਪੂਰ ਕਰ ਦਿਉ। ਘਰ ਵਾਲਿਆਂ ਨੂੰ ਤੁਹਾਡਾ ਕੋਈ ਬੋਝ ਨ ਜਾਪੇ। ਜਦੋਂ ਤੁਹਾਨੂੰ ਵਿਹਲਾ ਟਾਇਮ ਮਿਲੇ, ਘਰ ਵਾਲਿਆਂ ਨਾਲ ਕੰਮ 'ਚ ਹੱਥ ਵਟਾਉ। ਉਨ੍ਹਾਂ ਨੂੰ ਆਪਣਾ ਸਹਿਯੋਗ ਦਿਉ। ਘਰ ਵਾਲੇ ਤਾਂ ਤੁਹਾਡੀ ਸੇਵਾ ਲਈ ਯਥਾ ਸ਼ਕਤਿ ਹਰ ਵਕਤ ਹਾਜ਼ਰ ਹਨ। ਉਨ੍ਹਾਂ ਦਾ ਯਤਨ ਹੁੰਦਾ ਏ ਘਰ ਘਰ ਆਏ ਸਾਧਾਂ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ। ਤੁਸੀਂ ਵੀ ਆਪਣੇ ਸ਼ੁਧ ਆਚਰਨ ਤੇ ਵਿਹਾਰ ਨਾਲ ਉਨ੍ਹਾਂ ਦੀ ਪ੍ਰਸ਼ੰਸ਼ਾ ਪ੍ਰਾਪਤ ਕਰਨ ਦਾ ਯਤਨ ਕਰੋ।

ਸੰਤਾਂ ਦੇ ਪਰਮ ਸ਼ਿਸ਼ ਜਥੇਦਾਰ ਅਜੈਬ ਸਿੰਘ ਜੀ ਨੇ ਆਪਣੇ ਦੀਵਾਨ ਵਿੱਚ ਦੱਸਿਆ ਕਿ ਸੰਤਾਂ ਸਾਨੂੰ ਆਖਣਾ। ਜੇ ਅਚਾਰ ਗੰਡੇ ਨਾਲ ਪ੍ਰਸ਼ਾਦਾ ਛੱਕ ਕੇ ਵੀ ਕੀਰਤਨ ਕਰਨਾ ਪਵੇ ਤਾਂ ਵੀ ਅਪਣਾ ਸੁਭਾਗ ਸਮਝੋ, ਕਿਉਂਕਿ ਕਿੰਨਿਆਂ ਲੋਕਾਂ ਦਾ ਗੁਰਬਾਣੀ ਸੁਣਕੇ ਭਲਾ ਹੋਵੇਗਾ ਤੇ ਤੁਹਾਡਾ ਵੀ ਜੱਸ ਹੋਵੇਗਾ। ਉਨ੍ਹਾਂ ਦੇ ਆਪਣੇ ਜੀਵਨ ਦੀ ਇਕ ਵਾਰਤਾ ਯਾਦ ਆਈ। ਇਕ ਪਿੰਡ ਜਿਸ ਦਾ ਨਾਉਂ ਵਿਸਰ ਗਿਆ ਏ, ਅਖੰਡ ਪਾਠ ਰੱਖਿਆ ਹੋਇਆ ਸੀ। ਲੌਕੀ ਭਾਵ ਘੀਆ ਕੱਦੂ ਦਾ ਭਾਜਾ ਬਣਾਇਆ ਸੀ ਲਾਂਗਰੀਆਂ ਨੇ। ਕੱਦੂ ਕੜਵਾ ਹੋਣ ਕਰ ਭਾਜਾ ਵੀ ਕੜਵਾ ਬਣ ਗਿਆ ਤੇ ਪ੍ਰਸ਼ਾਦਾ ਪਹਿਲਾਂ ਸੰਤ ਗਿਆਨ ਸਿੰਘ ਹੁਰਾਂ ਹੀ ਛਕਿਆ। ਪ੍ਰਸ਼ਾਦਾ ਛਕਦਿਆਂ ਭਾਜਾ ਦਬਾਰਾ ਵੀ ਲੈ ਲਿਆ। ਕੋਈ ਜ਼ਿਕਰ ਜਾਂ ਸ਼ਿਕਵਾ ਤੱਕ ਨਹੀਂ ਕੀਤਾ, ਪਰ ਜਦੋਂ ਦੂਜੇ ਪਾਠੀਆਂ ਪ੍ਰਸ਼ਾਦਾ ਛਕਨਾ ਸ਼ੁਰੂ ਕੀਤਾ ਤਾਂ ਗੱਲ ਖੁਲ੍ਹ ਗਈ ਕਿ ਭਾਜਾ ਤਾਂ ਕੜਵਾ ਹੈ। ਲਾਂਗਰੀ ਆਖਣ ਕਿ ਜਥੇਦਾਰ ਤਾਂ ਦੁਬਾਰਾ ਭਾਜਾ ਲੈ ਕੇ ਛਕ ਗਿਆ ਏ। ਉਨ੍ਹਾਂ ਤਾਂ ਕੋਈ ਗੱਲ ਹੀ ਨਹੀਂ ਕੀਤੀ। ਭਾਵ ਇਹ ਹੋਇਆ ਕਿ ਸੰਤ ਗਿਆਨ ਸਿੰਘ ਹੁਰਾਂ ਆਪਣੀ ਮਨੋ-ਬਿਰਤੀ ਨੂੰ ਰਸਾਂ-ਕਸਾਂ ਤੇ ਸਵਾਦਾਂ ਤੋਂ ਬਹੁਤ ਉਚੇਰੇ ਰੱਖਿਆ ਹੋਇਆ ਸੀ ਤੇ (ਝਿਮਿ-ਝਿਮਿ ਅੰਮ੍ਰਿਤ ਵਰਸਦਾ ਹਰਿ ਰੱਸ ਢੁਲ-ਢੁਲ ਪੈਂਦਾ ਜੀਉ॥) (ਪਰ ਧਨ ਪਰ ਦਾਰਾ ਪਰ ਹਰੀ। ਤਾਕੇ ਨਿਕਟ ਬਸੈ ਨਰ ਹਰੀ।) ਆਪਣੇ ਸਫ਼ਲ ਜੀਵਨ ਦੀ ਉਸਾਰੀ ਲਈ ਮੱਨ ਅਉਰ ਅੱਖਾਂ ਨੂੰ ਲੁਭਾਇ ਮਾਨ ਨਹੀਂ ਹੋਣ ਦਿੱਤਾ।

ਜਥੇ. ਇਕਬਾਲ ਸਿੰਘ ਕੀਰਤਨ ਕਰਦਿਆਂ ਦੱਸਿਆ ਕਿ ਸੰਤ ਗਿਆਨ ਸਿੰਘ ਜੀ (ਏਕਾ ਨਾਰੀ ਸਦਾ ਜਤੀ, ਪਰ ਨਾਰੀ ਧੀ-ਭੈਣ ਵਖਾਣੇ) ਉਚੇ ਸੁਚੇ ਆਦਰਸ਼ ਦੇ ਧਾਰਨੀ ਸਨ। ਉਨ੍ਹਾਂ ਆਪਣੇ ਸਰੀਰ ਰੂਪੀ ਚਿੱਟੀ ਚਾਦਰ ਨੂੰ ਦਾਗ ਨਹੀਂ ਲੱਗਣ ਦਿੱਤਾ। ਉਨ੍ਹਾਂ ਦੇ ਆਚਰਨ ਤੇ ਕੋਈ ਉਂਗਲੀ ਨਹੀਂ ਕਰ ਸਕਦਾ। ਜਗੀ ਤੋਂ ਚੰਗੀ ਮਨ-ਮੋਹਕ ਵਸਤੂ ਉਤੇ ਮਨ ਮੈਲਾ ਨਹੀਂ ਕੀਤਾ।

ਫਗਵਾੜੇ ਤੋਂ ਨੇੜੇ ਪਿੰਡ ਜਾੜਿਆਲੀ ਸੰਤ ਗਿਆਨ ਸਿੰਘ ਦੇ ਘਰ ਕੀਰਤਨ ਕਰਨ ਗਏ। ਮੈਂ ਇਕਬਾਲ ਸਿੰਘ ਵੀ ਸੰਤਾਂ ਦੇ ਜਥ ਨਾਲ ਛੈਣੇ ਵਜਾਉਂਦਾ ਹੁੰਦਾ ਸੀ। ਘਰ ਵਾਲਿਆਂ ਕੋਲੋਂ ਨੌਂਹ ਲਾਹੁਣ ਲਈ ਨੇਲਕੱਟਰ ਲਿਆ ਸੀ। ਜੋ ਵਾਪਸੀ ਸਮੇਂ ਜੇਬ ਵਿੱਚ ਹੀ ਆ ਗਿਆ। ਬੱਸ ਚੋਂ ਉਤਰੇ। ਜੇਬ ਨੂੰ ਹੱਥ ਲੱਗਾ ਤਾਂ ਪਤਾ ਲੱਗਾ। ਬੜਾ ਪਸਚਾਤਾਪ ਕੀਤਾ। ਕਹਿੰਦੇ ਨੇ ਇਕਬਾਲ ਸਿੰਘ ਵੇਖ ਬੜੀ ਮਾੜੀ ਗੱਲ ਹੋਈ ਏ। ਨੌਂਹ ਲਾਉਣ ਲਈ ਨੇਲ ਕੱਟਰ ਲਿਆ ਸੀ ਤੇ ਜੇਬ੍ਹ 'ਚ ਹੀ ਆ ਗਿਆ ਏ। ਮੈਂ ਕਿਹਾ ਤਾਂ ਕੀ ਹੋਇਆ ਜਦੋਂ ਕਿਤੇ ਮੇਲ ਹੋਇਗਾ ਵਾਪਸ ਕਰ ਦਿਉ। ਕੁਦਰਤੀ ਸ੍ਰੀ ਭੈਣੀ ਸਾਹਿਬ ਮੇਲੇ ਤੇ ਸ੍ਰ. ਗਿਆਨ ਸਿੰਘ ਨਾਲ ਸੰਤਾਂ ਦਾ ਮੇਲ ਹੋ ਗਿਆ। ਬੜੇ ਹੀ ਨਿਮ੍ਰ ਭਾਸ਼ੀ ਹੋ ਸ੍ਰ. ਗਿਆਨ ਸਿੰਘ ਨੂੰ ਮੁਖਾਤਿਬ ਹੋ ਜਿਵੇਂ ਕੋਈ ਗੁਨਾਹਗਾਰ ਆਪਣੇ ਗੁਨਾਹ ਦਾ ਬਹੁਤ ਡੂੰਘਾ ਅਹਿਸਾਸ ਕਰਦਾ ਖ਼ਿਮਾ ਜਾਚਨਾ ਕਰਦਾ ਏ। ਮੈਨੂੰ ਬੜੀ ਸ਼ਰਮ ਮਹਿਸੂਸ ਹੋ ਰਹੀ ਏ ਤੁਹਾਡੇ

ਸਾਹਮਣੇ। ਐਹ ਨਲਕੱਟਰ ਲਿਆ ਸੀ ਨੌਂਹ ਲਾਉਣ ਲਈ ਤੇ ਇਹ ਮੇਰੀ ਜੇਬ੍ਹ ਵਿੱਚ ਹੀ ਆ ਗਿਆ। ਸ. ਗਿਆਨ ਸਿੰਘ ਨੇ ਗਲਵਕੜੀ ਪਾ ਲਈ ਤੇ ਕਿਹਾ ਸੰਤ ਜੀ ਦੋ ਢਾਈ ਰੁਪਏ ਦੀ ਛੋਟੀ ਜਿਹੀ ਚੀਜ਼ ਦਾ ਤੁਸਾਂ ਆਪਣੀ ਜ਼ਮੀਰ ਤੇ ਕਿਤਨਾ ਬੋਝ ਪਾਇਆ ਏ। ਤੁਹਾਡੇ ਉਤੋਂ ਤਾਂ ਬਹੁਤ ਕੁਝ ਨਿਛਾਵਰ ਕੀਤਾ ਜਾ ਸਕਦਾ ਏ। ਜੋ ਕੁਝ ਤੁਸੀਂ ਆਪਣੀ ਕੀਤੀ ਕਮਾਈ ਵਿਚੋਂ ਖੁਲ੍ਹੇ ਦਿਲ ਨਾਲ ਸਾਨੂੰ ਬਖ਼ਸ਼ਿਸ਼ ਕਰਦੇ ਹੋ। ਉਸ ਦਾ ਜੋ ਸੁਖ ਸਾਨੂੰ ਪ੍ਰਾਪਤ ਹੁੰਦਾ ਏ। ਅਸੀਂ ਤਾਂ ਉਸ ਦੇ ਬਦਲੇ ਕੁਝ ਵੀ ਦੇ ਨਹੀਂ ਸਕਦੇ। ਸਦਾ-ਸਦਾ ਲਈ ਰਿਣੀ ਹਾਂ ਆਪ ਦੇ। ਇਹ ਸੀ ਇਖ਼ਲਾਕੀ ਉੱਚਤਾ ਸੰਤ ਗਿਆਨ ਸਿੰਘ "ਵੀਰੋਕੇ" ਵਾਲਿਆਂ ਦੀ। ਐਸੀਆਂ ਬਹੁਤ ਕਥਾਵਾਂ ਨੇ ਉਨ੍ਹਾਂ ਦੀਆਂ।

ਸੰਤ ਗਿਆਨ ਸਿੰਘ ਹੁਰਾਂ ਕਹਿਣਾ ਇਸ ਅਮੋੜ ਮਨ ਨੂੰ ਰਾਹਿ-ਰਾਸਤੀ ਤੇ ਲਿਆਉਣ ਲਈ ਕਾਬੂ 'ਚ ਰੱਖਣ ਲਈ ਉੱਚੀ-ਸੁੱਚੀ ਸੰਗਤ ਤੋਂ ਬਗ਼ੈਰ ਹੋਰ ਕੋਈ ਥਾਂ ਨਹੀਂ। ਸਾਡੇ ਨਗਰ ਵੀਰੋਕੇ ਰਾਤ ਨੂੰ ਸਾਧਾਂ ਇਕੱਠਿਆਂ ਹੋ ਕੀਰਤਨ ਤੋਂ ਬਾਅਦ ਬੈਠ ਸ਼ਬਦ ਵਿਚਾਰ ਤੋਂ ਇਲਾਵਾ ਸਤਿ-ਅਸਤਿ ਤੇ ਵਿਚਾਰ ਕਰਨੀ ਤੇ ਇਕ ਦੂਜੇ ਨੂੰ ਪੁਛਣਾ। ਤੂੰ ਕਾਮ, ਕ੍ਰੋਧ, ਲੋਭ ਆਦਿ ਜੋ ਅਧਿਆਤਮਿਕ ਜੀਵਨ ਵਿੱਚ ਵੱਡੀ ਰੁਕਾਵਟ ਹਨ, ਇਨ੍ਹਾਂ ਉੱਤੇ ਕਿੰਨਾ ਕੁ ਕਾਬੂ ਪਾਇਆ ਏ। ਇਸ ਪੁਛਣ ਦੱਸਣ ਨਾਲ ਸਰੀਰ ਦੇ ਅੰਦਰੂਨੀ ਵੈਰੀਆਂ ਤੇ ਕਾਬੂ ਪਾਉਣ ਲਈ ਮਨ ਅੰਦਰ ਮਜ਼ਬੂਤੀ ਤੇ ਦ੍ਰਿੜ੍ਹਤਾ ਆਉਂਦੀ ਏ।

ਅੰਤਿਮ ਸਫ਼ਰ ਦੀਆਂ ਕੁਝ ਯਾਦਾਂ !

ਕੁਝ ਸਾਲਾਂ ਤੋਂ ਆਪ ਜੀ ਨੂੰ ਸਾਹ ਦੀ ਤਕਲੀਫ਼ ਸ਼ੁਰੂ ਹੋ ਗਈ। ਪਰ ਮਰਜ਼ ਬੜਤੀ ਗਈ ਜੂੰ-ਜੂੰ ਦਵਾ ਕੀ। ਬਹੁਤ ਇਲਾਜ ਕਰਨ ਦੇ ਬਾਵਜੂਦ ਵੀ ਬੀਮਾਰੀ ਨੇ ਅੰਤਿਮ ਸੁਆਸਾਂ ਤੱਕ ਸਾਥ ਨਹੀਂ ਛੱਡਿਆ। ਕਰੀਬ ਤਿੰਨ ਕੁ ਸਾਲ ਹੋਏ ਹੋਣਗੇ, ਸ੍ਰੀ ਭੈਣੀ ਸਾਹਿਬ ਪਿਛਲੇ ਪਹਿਰ ਦੇ ਸਿਮਰਨ ਤੇ ਕੀਰਤਨ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਸੰਤਾਂ ਨੂੰ ਪਾਸ ਬੁਲਾ ਕੇ ਕਿਹਾ ਤੂੰ ਹੁਣ ਮੇਰੇ ਕੋਲ ਰਿਹਾ ਕਰ ਮੇਰਾ ਜੀ ਕਰਦਾ ਏ ਤੇਰੀ ਸੇਵਾ ਕਰਨ ਨੂੰ। ਸਚੇ ਪਾਤਸ਼ਾਹ ਜੀ ਇਹ ਤਾਂ ਉਲਟੀ ਗਲ ਏ, ਸੰਤਾਂ ਕਿਹਾ। ਮਨਮੋਹਣੀ ਮੁਸਕਰਾਹਟ ਨਾਲ ਸਤਿਗੁਰ ਜੀ ਫੁਰਮਾਇਆ ਚਲ ਫਿਰ ਤੂੰ ਮੇਰੀ ਕਰਦਾ ਰਿਹਾ ਕਰੀਂ। ਡੇਰੇ ਆ, ਵਿਚਾਰ ਕਰ ਕਹਿਣ ਲੱਗੇ ਜੀ ਨਹੀਂ ਕਰਦਾ ਮੈਂ ਕਿਸੇ ਉਤੇ ਵੀ ਬੋਝ ਬਣਾਂ, ਏਥੇ ਰਹਿ ਕੇ ਮੈਂ ਸਤਿਗੁਰ ਜੀ ਤੇ ਬੋਝ ਪਾਵਾਂ ਮਨ ਨਹੀਂ ਮਨਦਾ। ਮੈਂ ਕਿਹਾ ਸਤਿਗੁਰੂ ਜੀ ਤਾਂ ਸਾਰੀ ਸ੍ਰਿਸ਼ਟੀ ਦਾ ਬੋਝ ਚੁੱਕਣ ਲਈ ਸਮਰੱਥ ਹਨ, ਤੁਹਾਡਾ ਭਲਾ ਕਿੰਨਾ ਕੁ ਬੋਝ ਪਵੇਗਾ। ਵੈਸੇ ਮੈਂ ਉਨ੍ਹਾਂ ਨਾਲ ਰਹਿੰਦਿਆਂ ਬਹੁਤ ਵੇਖਿਆ ਏ। ਕਿਸੇ ਨੂੰ ਤੇ ਆਪਣੇ ਲਈ ਖੇਚਲ ਕੀ ਦੇਣੀ ਹੁੰਦੀ ਏ ਆਪਣੇ ਨਿੱਜੀ ਪਰਿਵਾਰ ਨੂੰ ਵੀ ਆਪਣੇ ਲਈ ਕਿਸੇ ਕਿਸਮ ਦੀ ਖੇਚਲ ਦੇਣ ਤੋਂ ਸੰਕੋਚ ਹੀ ਕਰਦੇ ਸਨ। ਭਾਵੇਂ ਉਨ੍ਹਾਂ ਦੇ ਸਦ ਗੁਣਾਂ ਵਿਚੋਂ ਇਹ ਵੀ ਇਕ ਗੁਣ ਹੀ ਸਮਝ ਲਈਏ, ਪਰ ਇਸ ਨਾਲ ਸਿਹਤ ਉਤੇ ਤਾਂ ਪ੍ਰਤਿਕੂਲ ਅਸਰ ਪੈਂਦਾ ਹੀ ਹੈ।

ਸੁਖ! ਕੁਝ ਸਮਾਂ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਲੁਧਿਆਣੇ ਦੀਪ ਹਸਪਤਾਲ, ਦਯਾ ਨੰਦ ਹਸਪਤਾਲ ਤੇ ਹੋਰ ਦੇਸੀ ਇਲਾਜ ਵੀ ਹੋਇਆ। ਬਸ ਕਿਸੇ ਵੇਲੇ ਥੋੜ੍ਹਾ ਆਰਾਮ ਆਉਣਾ, ਫਿਰ ਬਿਮਾਰੀ ਨੇ ਜ਼ੋਰ ਪਾ ਦੇਣਾ।

ਕੁਝ ਸਮਾ ਫਿਰ ਪਿੰਡ ਚਲੇ ਗਏ। ਉਸ ਦੌਰਾਨ ਸ੍ਰੀ ਸਤਿਗੁਰੂ ਜੀ ਬਟਾਲੇ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ ਤੇ ਗੱਡੀ ਭੇਜ ਸੰਤਾਂ ਨੂੰ ਬੁਲਾ ਲਿਆ। ਨਮਸਕਾਰ ਕਰ ਸੰਤਾਂ ਹਥ ਜੋੜ ਬੇਨਤੀ ਕੀਤੀ, "ਸਚੇ ਪਾਤਸ਼ਾਹ ਜੀ ਯਤਨ ਮੈਂ ਬਹੁਤ ਕੀਤਾ ਏ ਕਿ ਆਪ ਜੀ ਨੂੰ ਮੇਰਾ ਕੋਈ ਉਲਾਂਭਾ ਨ ਆਵੇ, ਜੇ ਕੋਈ ਗੁਸਤਾਖੀ ਹੋ ਗਈ ਹੋਵੇ ਤਾਂ ਕਿਰਪਾ ਕਰ ਖਿਮਾ ਕਰ ਛੱਡਣਾ। ਸਰੀਰ ਦਾ ਹੁਣ

ਕਈ ਪਤਾ ਨਹੀਂ। ਇਹ ਜੀਵ ਤਾਂ ਸਦਾ ਹੀ ਭੁਲਣਹਾਰ ਹੈ। ਦੁਖ ਸੁਖ ਤਾਂ ਸਰੀਰ ਦਾ ਭੋਗ ਹੈ ਕ੍ਰਿਪਾ ਕਰ ਜਰਨ ਸ਼ਕਤੀ ਬਖ਼ਸ਼ੋ।" ਸਤਿਗੁਰੂ ਜੀ ਫਰਮਾਇਆ, "ਤੂੰ ਇਸ ਤਰ੍ਹਾਂ ਕਿਉਂ ਕਰਦਾ ਏਂ, ਤਗੜਾ ਹੋ ਅਜੇ ਤੇਰੀ ਬੜੀ ਲੋੜ ਹੈ। ਕਿਆ ਸੋਹਣੇ ਬੂਟੇ ਲਾਏ ਨੇ ਤੂੰ ਦਾਨ ਸਿੰਘ-ਅਜੈਬ ਸਿੰਘ ਦਾ ਕੀਰਤਨ ਸੁਣਿਆ ਏ ਬੜਾ ਸੋਹਣਾ ਕੀਰਤਨ ਕਰਦਾ ਏ।" ਸਮਾਂ ਬੀਤਦਾ ਗਿਆ ਸਰੀਰ ਦਿਨ-ਬ-ਦਿਨ ਕਮਜ਼ੋਰ ਹੁੰਦਾ ਗਿਆ।

ਸਤਿਗੁਰ ਸਿਖ ਕੀ ਕਰੈ ਪ੍ਰਤਿਪਾਲ। ਸੇਵਕ ਕੋ ਗੁਰ ਸਦਾ ਦਇਆਲ। ਮ:੫

ਤ੍ਰਿਕਾਲ ਦਰਸੀ ਅੰਤਰਜਾਮੀ ਸ੍ਰੀ ਸਤਿਗੁਰ ਜੀ ਨੇ ਸ਼ਾਇਦ ਇਹ ਜਾਣ ਲਿਆ ਕਿ ਮੇਰੇ ਪਿਆਰੇ ਸਿੱਖ ਦਾ ਅੰਤ ਸਮਾਂ ਹੁਣ ਨੇੜੇ ਹੈ। ਪਰ ਅਸੀਂ ਭਲਾ ਅਲਪੱਗ ਜੀਵ ਉਸ ਸਰਬੱਗ ਦੀ ਲੀਲਾ ਕੀ ਜਾਣ ਸਕਦੇ ਹਾਂ। ਕਿ ਉਹ ਸਾਬਰੀ ਮਹਾਂਪੁਰਸ਼ ਸੰਤ ਗਿਆਨ ਸਿੰਘ (ਹੋਣ ਨਜੀਕ ਖ਼ੁਦਾਇ ਦੇ ਭੇਤ ਨ ਕਿਸੇ ਦੇਣ) ਆਪਣੇ ਪਿਆਰੇ ਸਤਿਗੁਰ ਜੀ ਦੇ ਇਤਨੇ ਨਜ਼ਦੀਕ ਹਨ। ਜਦਕਿ ਦੁਆਪਰ ਯੁਗ ਦਾ ਭਗਤ ਸੁਦਾਮਾ ਤਾਂ ਆਪਣਾ ਦੁਖ ਦਰਿਦ੍ਰ ਦੂਰ ਕਰਨ ਲਈ ਪੈਦਲ ਤੁਰ ਠੇਡੇ ਖਾਂਦਾ ਆਪ ਭਗਵਾਨ ਪਾਸ ਗਿਆ। ਪਰ ਐਸ ਯੁਗ ਦਾ ਭਗਵਾਨ ਆਪਣੇ ਭਗਤ ਨੂੰ ਮੋਖਸ਼-ਪਦ ਪ੍ਰਦਾਨ ਕਰਨ ਲਈ ਆਪ ਚਲਕੇ ਭਗਤ ਦੇ ਪਾਸ ਆਇਆ। ਧਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ।

ਸੁਭਾਗੀ ਘੜੀ ਆਈ ਅਚਾਨਕ ੨੭ ਜੂਨ ੧੯੯੮ ਨੂੰ ਸ੍ਰੀ ਸਤਿਗੁਰੂ ਜੀ ਜਮੂੰ ਤੋਂ ਵਾਪਸੀ ਤੇ ਬਟਾਲੇ ਤੋਂ ਸੂਬਾ ਅਜੀਬ ਸਿੰਘ ਨੂੰ ਨਾਲ ਲੈ ਸਵੇਰੇ ੭.੧੫ ਵਜੇ ਪਿੰਡ ਬਹਾਦਰ ਸੈਣ ਸੰਤ ਗਿਆਨ ਸਿੰਘ ਦੇ ਘਰ ਚਰਨ ਪਾ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ।

"ਧਨੁ ਧੰਨੁ ਸੁਹਾਵਾ ਸੋ ਸਰੀਰ ਥਾਨੁ ਹੈ ਜਿਥੈ ਮੇਰਾ ਗੁਰੁ ਧਰੇ ਵਿਖਾ।" ਮ:੩


ਧੰਨਤਾ ਦੇ ਯੋਗ ਹੋ ਗਿਆ ਉਹ ਥਾਂ, ਨਗਰ ਨਿਵਾਸੀ ਤੇ ਪਰਿਵਾਰ ਜਨ। ਜਿਨ੍ਹਾਂ ਪਿਆਰੇ ਸਤਿਗੁਰੂ ਦਾ ਦਰਸ਼ਨ ਕਰ, ਗੁਰਚਰਨਾਂ ਤੇ ਨਮਸਕਾਰ ਕਰ ਆਪਣਾ ਜਨਮ ਸਫ਼ਲ ਕੀਤਾ। ਭਾਵੇਂ ਹੁਕਮ ਸੀ ਕਿ ਸਤਿਗੁਰ ਜੀ ਦੇ ਆਉਣ ਦਾ ਕਿਸੇ ਨੂੰ ਨਹੀਂ ਦੱਸਣਾ। ਪਰ ਜੇ ਸ਼ਮ੍ਹਾਂ ਜਗਦੀ ਹੋਵੇ, ਤਾਂ ਪਤੰਗਿਆ ਨੂੰ ਕਦੋ ਕੋਈ ਦੱਸਣ ਜਾਂਦਾ ਏ। ਉਸ ਦਾ ਪ੍ਰਕਾਸ਼ ਹੀ ਉਸ ਦੇ ਆਉਣ ਦਾ ਸਾਖਸ਼ੀ ਹੁੰਦਾ ਏ।

ਛੋਟੀ ਜਿਹੀ ਹਰੇ ਮਖ਼ਮਲੀ ਘਾਹ ਦੀ ਬਣੀ ਪਾਰਕ ਵਿੱਚ ਡੱਠੀ ਕੁਰਸੀ ਤੇ ਬਿਰਾਜਮਾਨ ਹਨ ਦੁਖੀਆਂ ਦੇ ਦੁਖ ਹਰਨ ਵਾਲੇ, ਦੁਖ ਭੰਜਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ। ਕੋਲ ਹੀ ਬੈਠੇ ਹਨ, ਆਪਣੇ ਕਮਜ਼ੋਰ ਜਹੇ ਸਰੀਰ ਨੂੰ ਗੁਰ ਚਰਨਾਂ ਦਾ ਆਸਰਾ ਦੇਂਦੇ ਹੋਏ ਸੰਤ ਗਿਆਨ ਸਿੰਘ ਜੀ। ਜਥੇਦਾਰ ਅਜੈਬ ਸਿੰਘ ਹੁਰਾਂ ਦੱਸਿਆ ਮੈਂ ਕੋਲ ਹੀ ਬੈਠਾ ਹੋਇਆ ਸਾਂ ਸਤਿਗੁਰ ਜੀ ਸੰਤਾਂ ਦੇ ਮੋਢੇ ਤੇ ਹਥ ਧਰ ਕਿਹਾ, ਕੀ ਗੱਲ ਅੱਗੇ ਜਾਣ ਨੂੰ ਜੀ ਨਹੀਂ ਕਰਦਾ? ਫਿਰ ਓਸੇ ਪਲ ਨਹੀਂ-ਨਹੀਂ ਹੁਣ ਤੈਨੂੰ ਭੈਣੀ ਸਾਹਿਬ ਲੈ ਕੇ ਜਾਣਾ ਏ। ਨਾਲ ਹੀ ਜਮੂੰ ਤੋਂ ਨਾਲ ਲਿਆਂਦੇ ਡਾਕਟਰ ਹਰਬੰਸ ਸਿੰਘ ਨੂੰ ਕਿਹਾ। ਐਹ ਹੈ ਡਾਕਟਰ ਸਾਹਿਬ ਤੁਹਾਡਾ ਮਰੀਜ਼।


ਬਸ ਹੁਕਮ ਹੋ ਗਿਆ ਸਤਿਗੁਰ ਜੀ ਵੱਲੋਂ ਸੇਵਕਾਂ ਨੂੰ। ਛੇਤੀ ਕਰੋ ਸੰਤਾਂ ਨੂੰ ਬਿਠਾਓ ਗੱਡੀ ਵਿਚ। ਸੰਤਾਂ ਨੂੰ ਚੁੱਕ ਕੇ ਸ੍ਰੀ ਸਤਿਗੁਰ ਜੀ ਦੀ ਕਾਰ ਦੀ ਅਗਲੀ ਸੀਟ ਤੇ ਬਿਠਾ ਦਿੱਤਾ। ਕੈਸੀ ਵਿਡੰਬਨਾ ਹੈ। ਸਤਿਗੁਰ ਦਰਸ਼ਨਾਂ ਦੀ ਖ਼ੁਸ਼ੀ ਦੇ ਨਾਲ ਹੀ ਇਕ ਉਦਾਸੀ ਭਰਿਆ ਸੱਨਾਟਾ ਛਾ ਗਿਆ। ਸਜਲ ਨੇਤਰਾਂ ਨਾਲ ਵਿਦਾ ਕਰਦਿਆਂ ਆਪਣੇ ਨਗਰ ਦੀ ਹਰਮਨ ਪਿਆਰੀ ਸ਼ਖਸੀਅਤ ਸੰਤ ਗਿਆਨ ਸਿੰਘ ਨੂੰ। ਨਹੀਂ ਜਰ ਹੋਇਆ ਤੇ ਫ਼ਟ ਗਿਆ ਇੱਕ ਵਿਯੋਗੀ ਹਿਰਦਾ। ਇਕ ਸੋਜ਼ ਭਰੀ ਆਵਾਜ਼ ਆਈ. ਸੱਚੇ ਪਾਤਸ਼ਾਹ ਸਾਡਾ ਰੱਬ ਲੈ ਚਲੇ ਹੋ। ਅਸੀਂ ਹੁਣ ਕੀ ਕਰਾਂਗੇ। ਬਹੁਤ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅ.ਫਰੀਕਾ ਦੌਰੇ ਸਮੇਂ ਸੁਆਗਤ ਦੇ ਸ਼ੁਭ ਅਵਸਰ ਤੇ ਪਿਛੇ ਖੜੇ ਹਨ ਸੰਤ ਗਿਆਨ ਸਿੰਘ ਜੀ ਉਨ੍ਹਾਂ ਨਾਲ਼ ਸੰਤ ਦਾਨ ਸਿੰਘ, ਸੰਤ ਖਜ਼ਾਨ ਸਿੰਘ ਰਾਗੀ ਅਤੇ ਹੋਰ ਸੰਗਤਾਂ



ਕੀਨੀਆ ਅਫ਼ਰੀਕਾ ਵਿੱਚ ਸ੍ਰੀ ਸਤਿਗੁਰੂ ਜੀ ਦੇ ਸੁਆਗਤ ਦੇ ਅਵਸਰ ਦਾ ਇੱਕ ਹੋਰ ਦ੍ਰਿਸ਼।
ਖੱਬੇ ਜਥੇਦਾਰ ਗਿਆਨ ਸਿੰਘ ਜੀ ਹਨ। ਥੱਲੇ ਸੂਬਾ ਦਰਸ਼ਨ ਸਿੰਘ ਜੀ ਵੀ ਬੈਠੇ ਹਨ।




ਜਥੇਦਾਰ ਜੀ ਦੇ ਦੀਵਾਨ ਦਾ ਇੱਕ ਦ੍ਰਿਸ਼ :- ਨਾਲ ਹਨ ਗੁਰਬਚਨ ਸਿੰਘ ਸਪੁਤਰ ਢੋਲਕ ਨਾਲ, ਜਥੇਦਾਰ ਦਾਨ ਸਿੰਘ, (ਇਹਨਾਂ ਦੇ ਪਿਛੇ ਸੰਤ ਰਣਧੀਰ ਸਿੰਘ), ਸ. ਹਰਦੀਪ ਸਿੰਘ ਸਾਬਕਾ ਸਰਪੰਚ ਹੋਠੀਆਂ (ਦਾਮਾਦ), ਸੰਤ ਟਹਿਲ ਸਿੰਘ ਅਤੇ ਸੰਤ ਹਰਬੰਸ ਸਿੰਘ ਦਸੂਹਾ।




ਸੰਤ ਗਿਆਨ ਸਿੰਘ ਜੀ ਅਤੇ ਉਨ੍ਹਾਂ ਦੇ ਸਹਿਯੋਗੀ ਜਥੇਦਾਰ ਦਾਨ ਸਿੰਘ ਜੀ ਕੀਰਤਨ ਦੀ ਮੁਦਰਾ ਵਿੱਚ




ਸੰਤ ਗਿਆਨ ਸਿੰਘ ਜੀ, ਸੰਤ ਮਹਿੰਦਰ ਸਿੰਘ ਪਨਹਾਰੀ ਅਤੇ ਗੁਰਬਚਨ ਸਿੰਘ ਸਪੁੱਤਰ। ਪਿੱਛੇ ਲੇਖਕ ਸੂਬਾ ਹਰਬੰਸ ਸਿੰਘ ਦੋਸ਼ੀ ਵੀ ਦਿਖਾਈ ਦੇ ਰਹੇ ਹਨ




ਇੱਕ ਯਾਦਗਾਰੀ ਪਰਿਵਾਰਕ ਤਸਵੀਰ :- ਸੰਤਾਂ ਦੇ ਮਾਤਾ ਜੀ ਬੇਬੇ ਕਰਮ ਕੌਰ ਪਿਛੇ ਖੜੇ ਹਨ।
ਸੰਤਾਂ ਦੇ ਨਾਲ ਹਨ ਧਰਮ ਪਤਨੀ ਬੀਬੀ ਹਰਬੰਸ ਕੌਰ ਅਤੇ ਵੱਡੀ ਸਪੁਤਰੀ ਬੀਬੀ ਹਰਭਜਨ ਕੌਰ




ਪਰਿਵਾਰ ਨਾਲ ਕੁਝ ਪਲ :- ਸੰਤ ਗਿਆਨ ਸਿੰਘ ਜੀ ਅਤੇ ਬੀਬੀ ਹਰਬੰਸ ਕੌਰ (ਕੁਰਸੀਆਂ ਤੇ) ਪਿਛੇ ਖੜੇ ਹਨ ਸ. ਜਸਵਿੰਦਰ ਸਿੰਘ ਦਾਮਾਦ, ਮਾਤਾ ਭਗਵਾਨ ਕੌਰ (ਜਸਵਿੰਦਰ ਸਿੰਘ ਦੇ ਦਾਦੀ ਜੀ), ਕੰਵਲਜੀਤ ਕੌਰ ਸੰਤਾਂ ਦੀ ਛੋਟੀ ਸਪੁਤਰੀ, ਬੀਬੀ ਗੁਰਬਚਨ ਕੌਰ, ਜਸਵਿੰਦਰ ਸਿੰਘ ਦੇ ਮਾਤਾ ਜੀ




ਖੱਬੇ ਤੋਂ ਹਰਭਜਨ ਕੌਰ ਸੰਤਾਂ ਦੀ ਵੱਡੀ ਸਪੁਤਰੀ, ਰਣਜੀਤ ਸਿੰਘ ਰਾਣਾ ਦੋਹਤਰਾ, ਹਰਦੀਪ ਸਿੰਘ ਦਾਮਾਦ, ਸੰਤ ਗਿਆਨ ਸਿੰਘ ਜੀ, ਗੁਰਬਚਨ ਸਿੰਘ ਸਪੁਤਰ, ਬੀਬੀ ਹਰਬੰਸ ਕੌਰ, ਬੀਬੀ ਪਿੰਦਰ ਨੂੰਹ, ਰਾਜੂ ਸਾਗਰਪੁਰ, ਸੰਤ ਗੁਰਦੇਵ ਸਿੰਘ ਮਦਾਰ, ਸ੍ਰੀਮਤੀ ਮਦਾਰ, ਕੰਵਲਜੀਤ ਤੇ ਜਸਵਿੰਦਰ ਸਿੰਘ



ਇੱਕ ਅੰਦਾਜ਼ ਇਹ ਵੀ



ਉੱਚੀ ਲੰਬੀ ਗਹਿਰ ਗੰਭੀਰ ਸ਼ਖ਼ਸੀਅਤ ਸੰਤ ਗਿਆਨ ਸਿੰਘ ਵੀਰੋਕੇ



ਜਥੇਦਾਰ ਗਿਆਨ ਸਿੰਘ ਜੀ ਸੰਪਾਦਕ ਵਰਿਆਮ ਜਗਦੀਸ਼ ਸਿੰਘ ਨਾਲ ਵਾਰਤਾਲਾਪ ਸਮੇਂ। ਨਾਲ ਬੈਠੇ ਹਨ ਸੰਤ ਤਾਰਾ ਸਿੰਘ ਜਮੂੰ। ਤਸਵੀਰ ਹਰਭਜਨ ਸਿੰਘ ਬਾਜਵਾ ਬਟਾਲਾ ਨੇ ਯੂ.ਪੀ. ਹੋਲੇ ਨੂੰ ਜਾਂਦਿਆਂ ਵਿਸ਼ੇਸ਼ ਰੇਲ ਗੱਡੀ ਵਿੱਚ ਮਾਰਚ ੧੯੮੨ ਨੂੰ ਖਿੱਚੀ।



ਅੰਤਮ ਯਾਤਰਾ ਤੋਂ ਪਹਿਲਾਂ ਕੀਰਤਨ :- ਸੰਤ ਅਜੈਬ ਸਿੰਘ ਜੀ ਹਾਰਮੋਨੀਅਮ ਵਾਲੇ, ਸੰਤ ਸਾਧਾ ਸਿੰਘ, ਸੰਤ ਲੱਖਾ ਸਿੰਘ, ਗੁਰਬਚਨ ਸਿੰਘ, ਸੂਬਾ ਅਜੀਤ ਸਿੰਘ ਅਤੇ ਹੋਰ ਸਾਧ ਸੰਗਤ



ਅੰਤਮ ਯਾਤਰਾ ਦੇ ਸੰਗੀ ਸਾਥੀ

ਵੈਰਾਗ ਭਰਿਆ ਮਾਹੌਲ ਸੀ। ਮੇਰੇ ਵਿੱਚ ਤਾਂ ਐਸੀ ਕਾਬਲੀਅਤ ਨਹੀਂ। ਜੋ ਇਸ ਵੈਰਾਗਮਈ ਦ੍ਰਿਸ਼ ਨੂੰ ਅੱਖਰਾਂ ਵਿੱਚ ਨਿਰੂਪਨ ਕਰ ਸਕਾਂ। (ਜਿਨ੍ਹਾਂ ਅੰਦਰ ਉਮਰਥੱਲ ਸੋਈ ਜਾਨਣ ਸੂਲੀਆਂ)

ਬਸ ਅੱਖ ਝਮਕਦਿਆਂ ਪਲਾਂ ਵਿੱਚ ਹੀ ਸ੍ਰੀ ਸਤਿਗੁਰ ਜੀ ਦੀਆਂ ਗੱਡੀਆਂ ਦਾ ਕਾਫਲਾ ਅੱਖਾਂ ਤੋਂ ਓਹਲੇ ਹੋ ਗਿਆ। ਪਹੁੰਚ ਗਏ ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਪੁੰਨ ਭੂਮੀ ਤੇ। ਸ੍ਰੀ ਸਤਿਗੁਰੂ ਜੀ ਨੇ ਆਮ ਮੁਖਤਿਆਰ ਸੰਤ ਦਿਆਲ ਸਿੰਘ ਨੂੰ ਪੁਛਿਆ। ਸੰਤਾਂ ਦੇ ਰਹਿਣ ਵਾਸਤੇ ਡੇਰਾ ਤਿਆਰ ਹੈ। ਉੱਤਰ ਸੀ। ਹਾਂ ਸੱਚੇ ਪਾਤਸ਼ਾਹ ਜੀ ਤਿਆਰ ਹੈ ਜੀ।

ਪਾਸ ਹੀ ਸਨ ਸ੍ਰ. ਜਸਵਿੰਦਰ ਸਿੰਘ (ਥਾਨੇਦਾਰ) ਸਤਿਗੁਰੂ ਜੀ ਦੇ ਸਕਿਉਰਟੀ ਗਾਰਡ (ਤੇ ਸੰਤ ਗਿਆਨ ਸਿੰਘ ਜੀ ਦੇ ਦਾਮਾਦ) ਉਨ੍ਹਾਂ ਗੁਰਚਰਨਾਂ 'ਚ ਹੱਥ ਜੋੜ ਬੇਨਤੀ ਕੀਤੀ, "ਸਚੇ ਪਾਤਸ਼ਾਹ ਜੀ ਸੰਤਾਂ ਦੀ ਸੇਵਾ ਦਾ ਇਹ ਅਵਸਰ ਕ੍ਰਿਪਾ ਕਰਕੇ ਦਾਸ ਨੂੰ ਬਖਸ਼ਿਸ਼ ਕਰੋ ਜੀ। ਸਤਿਗੁਰੂ ਜੀ ਨੇ ਕ੍ਰਿਪਾ ਕਰ ਬੇਨਤੀ ਪ੍ਰਵਾਨ ਕਰ ਲਈ ਤੇ ਸੰਤਾਂ ਦਾ ਡੇਰਾ ਆਪਣੀ ਲੜਕੀ ਕੰਵਲਜੀਤ ਤੇ ਦਾਮਾਦ ਜਸਵਿੰਦਰ ਸਿੰਘ ਵੱਲ ਲਗ ਗਿਆ। ਸ੍ਰੀ ਸਤਿਗੁਰੂ ਜੀ ਵੀ ਰੋਜ਼ਾਨਾ ਦਰਸ਼ਨ ਦੇਣ ਦੀ ਕ੍ਰਿਪਾ ਕਰਦੇ ਰਹੇ।"

ਅਪਾਰ ਬਖਸ਼ਿਸ਼ ਕੀਤੀ ਸ੍ਰੀ ਸਤਿਗੁਰ ਜੀ ਆਪਣੇ ਇਸ ਦੋਸ਼ੀ ਹਰਬੰਸ ਸਿੰਘ ਤੇ। ਸ਼ਾਇਦ ਸੰਤਾਂ ਦੀ ਸੇਵਾ ਕਰਨ ਜੋਗਾ ਸਮਝ ਕੇ। ਪਰ ਸੇਵਾ ਤਾਂ ਆਪ ਜਿਸ ਤੋਂ ਚਾਹੁਣ ਲੈ ਸਕਦੇ ਹਨ ਕਰਵਾ ਸਕਦੇ ਹਨ। ਇਹ ਤਾਂ ਸਤਿਗੁਰੂ ਜੀ ਨੇ ਕ੍ਰਿਪਾ ਕਰ ਇਸ ਗੁਨਾਹਗਾਰ ਤੇ ਬਹੁਤ ਉਪਕਾਰ ਕੀਤਾ ਏ। ਜੋ ਸੰਤਾਂ ਦੇ ਅੰਤਿਮ ਸਮੇਂ ਦੀ ਸੇਵਾ ਦਾ ਅਵਸਰ ਇਸ ਦੋਸ਼ੀ ਨੂੰ ਬਖ਼ਸ਼ਿਸ਼ ਕੀਤਾ ਏ। ਅਜੇ ਦੋ ਕੁ ਮਹੀਨੇ ਹੀ ਹੋਏ ਸਨ ਮੈਨੂੰ ਸੰਤਾਂ ਕੋਲੋਂ ਘਰ ਆਇਆਂ। ਜ਼ਰੂਰੀ ਕਾਰਜ ਵੱਸ ਮੇਰਾ ਲੜਕਾ ਬਲਵਿੰਦਰ ਸਿੰਘ ਦਿੱਲੀ ਆਇਆ ਸੀ। ਸ੍ਰੀ ਸਤਿਗੁਰੂ ਜੀ ਵੀ ਦਿੱਲੀ ਦਰਸ਼ਨ ਦੇਣ ਦੀ ਕ੍ਰਿਪਾ ਕਰ ਰਹੇ ਸਨ। ਪਿਛਲੇ ਪਹਿਰ ਦੇ ਦੀਵਾਨ ਵਿੱਚ ਜਦ ਬਲਵਿੰਦਰ ਨੇ ਨਮਸਕਾਰ ਕੀਤੀ ਤਾਂ ਸਤਿਗੁਰੂ ਜੀ ਨੇ ਹੁਕਮ ਕੀਤਾ। ਜਾ ਕੇ ਸੂਬਾ ਜੀ ਨੂੰ ਭੈਣੀ ਸਾਹਿਬ ਭੇਜ ਦਿਉ। ਮੈਂ ਹੁਕਮ ਅਨੁਸਾਰ ੫ ਅਗਸਤ ਨੂੰ ਨੰਦੇੜ ਤੋਂ ਸ੍ਰੀ ਭੈਣੀ ਸਾਹਿਬ ਗੁਰਚਰਨਾਂ 'ਚ ਹਾਜ਼ਰ ਹੋ ਗਿਆ। ਸੰਤਾਂ ਦੇ ਦਰਸ਼ਨ ਕੀਤੇ। ਸਤਿਗੁਰ ਜੀ ਦੀ ਕ੍ਰਿਪਾ ਸਦਕਾ ਪਿੰਡ ਨਾਲੋਂ ਸੰਤਾਂ ਦੀ ਸਿਹਤ ਚੰਗੀ ਜਾਪੀ। ਬਹੁਤ ਖ਼ੁਸ਼ੀ ਹੋਈ। ਗੁਰਚਰਨਾਂ ਦਾ ਸੁਖ ਪ੍ਰਾਪਤ ਸੀ। (ਚਰਨ ਕਮਲ ਕਾ ਆਸਰਾ ਦੀਨੋ ਪ੍ਰਭਿ ਆਪਿ। ਮ:੫) ਦਿਨ-ਬ-ਦਿਨ ਸਿਹਤ ਬਹੁਤ ਵਧੀਆ ਹੁੰਦੀ ਜਾ ਰਹੀ ਏ। ਕੁਝ ਐਕਸਰਸਾਈਜ਼ ਵੀ ਕਰਨ ਲੱਗ ਪਏ। ਘਰ ਵਿੱਚ ਹੀ ਜਗ੍ਹਾ ਵਾਹਵਾ ਖੁਲ੍ਹੀ ਸੀ। ਉਥੇ ਹੀ ਸ਼ਾਮ ਨੂੰ ਥੋੜ੍ਹੀ ਸੈਰ ਵੀ ਕਰ ਲੈਣੀ। ਇਕ ਦਿਨ ਸੈਰ ਕਰਦਿਆਂ ਕੁੱਦ-ਕੁੱਦ ਕੇ ਤੁਰਨ ਲੱਗ ਪਏ। ਮੈਂ ਵੀ ਨਾਲ ਸਾਂ। ਮੈਂ ਆਖਿਆ ਇੰਵ ਨ ਕਰੋ ਥਕਾਵਟ ਹੋ ਜਾਇਗੀ। ਕਹਿੰਦੇ ਨੇ ਮੈਂ ਵੇਖਦਾ ਹਾਂ, ਭਲਾ ਮੈਨੂੰ ਸਾਹ ਚੜ੍ਹਦਾ ਏ ਕਿ ਨਹੀਂ। ਮੈਂ ਕਿਹਾ ਇਹ ਹੈ ਸਤਿਗੁਰੂ ਜੀ ਦੀ ਕ੍ਰਿਪਾ। ਹੁਣ ਤੇ ਤੁਸੀਂ ਦਵਾਈ ਵੀ ਕੋਈ ਨਹੀਂ ਖਾ ਰਹੇ। (ਦਰਸ਼ਨ ਦੇਖਤ ਦੋਖ ਨਸੇ) ਕਹਿੰਦੇ ਏਹੀ ਗੱਲ ਏ ਜੇ ਉਹ ਚਾਹੁਣ ਤੇ ਪ੍ਰਭ ਭਾਵੇ ਬਿਨ ਸਾਸ ਤੇ ਰਾਖੇ। ਉਨ੍ਹਾਂ ਦੀ ਨਜ਼ਰ-ਏ-ਰਹਿਮਤ ਨਾਲ ਹੀ ਸਭ ਦੁਖ ਦੂਰ ਹੋ ਜਾਂਦੇ ਨੇ। ਅਨੇਕ ਹੀ ਪ੍ਰਮਾਣ ਨੇ ਐਸੇ। ਨਾਲੇ ਹੁਣ ਕ੍ਰਿਪਾ ਕਰ ਆਪ ਲੈ ਕੇ ਜੂ ਆਏ ਨੇ। ਆਪੇ ਠੀਕ ਕਰਨਗੇ। ਮੈਂ ਵੀ ਹੁਣ ਦਵਾਈ ਕੋਈ ਨਹੀਂ ਖਾਣੀ। ਕਿਉਂਕਿ ਦੀਵਾਨ ਨੰਦ ਲਾਲ ਦਾ ਫ਼ੁਰਮਾਨ ਯਾਦ ਆਉਂਦਾ ਏ।

ਮਾ ਨਮੇ ਆਰੇਮ ਤਾਬੇ ਗ਼ਮ ਜ਼ਏ ਮਿਯਗਾਨੇ ਊ।
ਯੱਕ ਨਿਗਾਹਿ ਜਾਂ ਫ਼ਿਜ਼ਾਇਸ਼ ਬਸ ਬਵੱਦ ਦਰਕਾਰਿ ਮਾਂ॥

ਮੇਰੀ ਸਿਹਤ ਠੀਕ ਵੇਖ ਕੇ ਹੀ ਓਦਨ ਪੂਰਬਾ ਜੀ ਨੂੰ ਆਂਹਦੇ ਸੀ ਨ, ਪੂਰਬਾ ਵੇਖ ਜਥੇਦਾਰ ਦੇ ਚਿਹਰੇ ਵਲ। ਰੋਜ਼ ਦਰਸ਼ਨ ਦੇਣ ਦੀ ਕ੍ਰਿਪਾ ਤਾਂ ਸਤਿਗੁਰ ਜੀ ਕਰਦੇ ਹੀ ਸਨ। ਇਕ ਦਿਨ ਮੌਜ ਵਿਚ ਆਏ, ਸ੍ਰ. ਹ. ਸ. ਹੰਸਪਾਲ ਜੀ ਵੀ ਨਾਲ ਸਨ। ਕਹਿੰਦੇ ਕੋਈ ਆਪਣੇ ਸਜਣਾਂ-ਮਿੱਤਰਾਂ ਨੂੰ

ਤੋਹਫ਼ੇ ਦੇ ਤੌਰ ਤੇ ਪਿਆਰ ਨਾਲ ਟੀ.ਵੀ. ਆਦਿ ਜਾਂ ਹੋਰ ਕੋਈ ਚੰਗੀ ਚੀਜ਼ ਦੇਂਦਾ ਏ। ਮੈਂ ਸੰਤ ਗਿਆਨ ਸਿੰਘ ਨੂੰ ਸੂਬਾ ਹਰਬੰਸ ਸਿੰਘ ਦੇ ਦਿੱਤਾ ਏ। ਵਾਹ ਮੇਰੇ ਸਤਿਗੁਰਾ ਤੂੰ ਕਿਸ ਬਹਾਨੇ ਨਾਲ ਆਪਣੇ ਪਿਆਰਿਆਂ ਦੇ ਮਨ ਬਹਿਲਾਉਂਦਾ ਏ। ਬੜੀਆਂ ਜਾਚਾਂ ਨੇ ਤੈਨੂੰ ਸਚੇ ਪਾਤਸ਼ਾਹ। ਐਵੇਂ ਤੇ ਦੁਨੀਆਂ ਨਹੀਂ ਤਰਸਦੀ ਤੇਰੀ ਤਕਨੀ ਤੇ ਮਿੱਠੀ-ਮਿੱਠੀ ਮੁਸਕਰਾਹਟ ਨੂੰ। ਪਿਆਰਾਂ ਦਾ ਭਰਿਆ ਉਛਲਦਾ ਸਾਗਰ ਹੈਂ ਤੂੰ।

ਸੰਤਾਂ ਦੀ ਸਪੁੱਤਰੀ ਕੰਵਲਜੀਤ ਨੇ ਦੱਸਿਆ। ਜਦੋਂ ਸਤਿਗੁਰੂ ਜੀ ਮਿਹਰਬਾਨ ਹੁੰਦੇ ਨੇ। ਕਿਵੇਂ ਨਿਵਾਜਦੇ ਨੇ ਆਪਣੇ ਪਿਆਰਿਆਂ ਨੂੰ। ਇਕ ਦਿਨ ਭਾਪਾ ਜੀ (ਸੰਤ ਜੀ) ਮੰਜੇ ਤੇ ਲੇਟੇ ਹੋਏ ਸਨ। ਸ੍ਰੀ ਸਤਿਗੁਰੂ ਜੀ ਰੋਜ਼ਾਨਾ ਦੀ ਤਰ੍ਹਾਂ ਆਪਣੀ ਕਲੱਬ ਕਾਰ ਤੇ ਸਵਾਰ ਘਰ ਆ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਸੰਤ ਜੀ ਅਜੇ ਮੰਜੇ ਤੋਂ ਉਠ ਨਹੀਂ ਸੀ ਪਾਏ ਕਿ ਸਤਿਗੁਰ ਜੀ ਛੇਤੀ ਨਾਲ ਮੰਜੇ ਤੇ ਬੈਠ ਸੰਤਾਂ ਨੂੰ ਗਲਵਕੜੀ ਵਿੱਚ ਲੈ ਲਿਆ। ਸਤਿਗੁਰੂ ਜੀ ਦੇ ਇਸ ਪਿਆਰ ਭਰੇ ਸਨੇਹ ਨਾਲ ਸੰਤਾਂ ਦਾ ਦਿਲ ਐਸਾ ਵੈਰਾਗ ਵਿੱਚ ਆਇਆ। ਸਜਲ ਨੇਤਰਾਂ ਨਾਲ ਹਥ ਜੋੜ ਬੇਨਤੀ ਕੀਤੀ। ਸੱਚੇ ਪਾਤਸ਼ਾਹ ਜੀ ਇਵੇਂ ਨ ਕਰਿਆ ਕਰੋ। ਸਾਡੀ ਥਾਂ ਤੇ ਆਪ ਜੀ ਦੇ ਚਰਨਾਂ ਵਿੱਚ ਹੈ।— ਫਿਰ ਮੈਂ ਇੰਝ ਨ ਕਰਿਆ ਕਰਾਂ ਕਹ ਫਿਰ ਬਾਹਵਾਂ ਦੇ ਕਲਾਵੇ ਜਫ਼ੀ— ਵਿੱਚ ਲੈ ਲਿਆ ਤੇ ਰਜਵਾਂ ਪਿਆਰ ਤੇ ਖ਼ੁਸ਼ੀਆਂ ਬਖ਼ਸ਼ੀਆਂ ਤੇ ਆਤਮਿਕ ਸੁਖ ਨਾਲ ਮਾਲਾ ਮਾਲ ਕਰ ਦਿੱਤਾ ਆਪਣੇ ਪਿਆਰੇ ਨੂੰ ਸ੍ਰੀ ਸਤਿਗੁਰੂ ਜੀ ਨੇ।

ਹੁਕਮੇ ਜੁਗ ਵਿੱਚ ਆਇਆ ਚਲਣੁ ਹੁਕਮ ਸੰਜੋਗਿ ਜੀਉ। ਮ:੫

ਅਸੀਂ ਅਲਪੱਗ ਜੀਵ ਭਲਾ ਉਸ ਸਰਬੱਗ ਦੀਆਂ ਅਸਚਰਜ ਖੇਡਾਂ ਨੂੰ ਕੀ ਸਮਝ ਸਕਦੇ ਹਾਂ। ਪੂਰੀ ਤਰ੍ਹਾਂ ਤੰਦਰੁਸਤ ਸਤਿਗੁਰ ਜੀ ਦੀ ਕ੍ਰਿਪਾ ਦ੍ਰਿਸ਼ਟੀ (ਕ੍ਰਿਪਾ ਕਟਾਖਸ਼ ਅਵਿਲੋਕਨ ਕੀਨੋ ਦਾਸ ਕਾ ਦੂਖ ਬਿਦਾਰਿਓ।) ਸਦਕਾ ਹੁਨ ਕੋਈ ਦਵਾਈ ਵੀ ਨਹੀਂ ਖਾ ਰਹੇ। ਨਿਤਾਪ੍ਰਤੀ ਭੋਜਨ ਜਿਵੇਂ ਤੰਦਰੁਸਤ ਇਨਸਾਨ ਆਪਣੀ ਪੂਰੀ ਮਿਕਦਾਰ ਨਾਲ ਖਾਂਦਾ ਏ, ਖਾ ਰਹੇ ਸਨ। ਸਰੀਰ ਦੀ ਕਿਰਿਆ ਸਭ ਠੀਕ-ਠਾਕ ਜਿਵੇਂ ਪਿੰਡ ਰਹਿੰਦਿਆਂ ਵੀ ਆਪਣੇ ਬਣੇ ਸੁਭਾ ਅਨੁਸਾਰ ਕਦੇ ਮਾਲਾ ਲੈ ਨਿਤ ਨੇਮ ਕਰਨਾ। ਕਿਸੇ ਵੇਲੇ ਕਿਸੇ ਗ੍ਰੰਥ ਦਾ ਮੁਤਾਲਿਆ ਕਰਨਾ। ਪਿਛਲੇ ਪਹਰ ਸੰਤ ਤਰਨ ਸਿੰਘ ਵਹਿਮੀ ਲਿਖਤ ਜਸ ਜੀਵਨ ਦੀ ਕਥਾ ਲਈ ਮੈਨੂੰ (ਹਰਬੰਸ ਸਿੰਘ ਦੋਸ਼ੀ) ਨੂੰ ਹੁਕਮ ਕਰਨਾ। ਇਸ ਤਰ੍ਹਾਂ ਹੀ ਜਦ ਮੈਂ ਸ੍ਰੀ ਸਤਿਗੁਰ ਜੀ ਦੇ ਹੁਕਮ ਅਨੁਸਾਰ ਸੰਤਾਂ ਦੀ ਸੇਵਾ 'ਚ ਹਾਜ਼ਰ ਹੋਇਆ। ਕਹਿਣ ਲੱਗੇ ਹੁਣ ਤੂੰ ਆ ਗਿਆ ਏਂ। ਕੁਝ ਪੜ੍ਹਿਆ ਕਰੀਏ।

ਸੰਤ ਰਾਮ-ਰਾਮ ਜੀ ਪਾਸੋਂ ਸ਼ਬਦਾਰਥ ਸ੍ਰੀ ਗ੍ਰੰਥ ਸਾਹਿਬ ਦੀਆਂ ਪੋਥੀਆਂ ਲਈਆਂ। ਸਵੇਰੇ ਦਸ ਵਜੇ ਤੋਂ ਇਕ ਵਜੇ ਤੱਕ ਮੈਂ ਪਾਠ ਕਰਨਾ। ਸੰਤਾਂ ਕੋਲ ਬੈਠ ਪਾਠ ਸੁਣਨਾ, ਨਾਲੇ ਕਿਸੇ ਸ਼ਬਦ ਤੇ ਵਿਚਾਰ ਕਰਨੀ ਤੇ ਨਾਲ ਹੀ ਕੋਈ ਸ਼ਬਦ-ਪ੍ਰਮਾਣ ਲਿਖਨ ਲਈ ਹੁਕਮ ਕਰਨਾ। ਪਿਛਲੇ ਪਹਰ ਨਾਮ ਸਿਮਰਨ ਤੋਂ ਇਲਾਵਾ ਹੋਰ ਪੰਥ ਪ੍ਰਸਿੱਧ ਮਹਾਂ ਪੁਰਸ਼ਾਂ ਦੀ ਜੀਵਨ ਕਥਾ ਜਾਂ ਮਹਾਂ ਵਿਦਵਾਨ ਸ੍ਰੀ ਓਸ਼ੋ (ਰਜਨੀਸ਼) ਜੀ ਦੀਆਂ ਦੋ ਪੁਸਤਕਾਂ ਜੋ ਬਹੁਤ ਖੋਜ ਭਰਪੂਰ ਸਨ, ਪੜ੍ਹ-ਸੁਣ ਕੇ ਬਹੁਤ ਅਨੰਦਿਤ ਹੋਣਾ।

ਉਸ ਬੇਪਵਾਹ ਗ਼ੈਬੀ ਸ਼ਕਤੀ ਦੇ ਵਿਧਾਨ ਦਾ ਸਾਨੂੰ ਅਲੱਪਗ ਜੀਆਂ ਨੂੰ ਕੀ ਪਤਾ। ਉਸ ਸਰਬੱਗ ਸਤਿਗੁਰੂ ਨੂੰ ਪਤਾ ਸੀ ਉਹ ਆਪਣੇ ਪਿਆਰੇ ਸਿੱਖ (ਜਿਸ ਨੇ ਆਪਣੀ ਸੰਪੂਰਣ ਆਯੂ ਸਤਿਗੁਰੂ ਜੀ ਦੇ ਹੁਕਮ ਵਿੱਚ ਰਹਿ ਕੇ ਕੀਰਤਨ ਦੁਆਰਾ ਸਾਧ ਸੰਗਤ ਦੀ ਸੇਵਾ ਕੀਤੀ।) ਦਾ ਅੰਤ ਸਮਾਂ ਨੇੜੇ ਜਾਣ ਆਪਣੇ ਚਰਨ ਕੰਵਲਾ ਵਿਚ ਸ੍ਰੀ ਭੈਣੀ ਸਾਹਿਬ ਲੈ ਆਂਦਾ ਸੀ। ੭-੮ ਸਤੰਬਰ ਦੀ ਦਰਮਿਆਨੀ ਰਾਤ ਪੇਟ ਵਿੱਚ ਕੁਝ ਤਕਲੀਫ਼ ਹੋਈ ਨਾਲ ਹੀ ਕੁਝ ਹਲਕਾ ਜਿਹਾ

ਬੁਖ਼ਾਰ ਵੀ ਹੋ ਗਿਆ। ਮੁੱਖ ਪ੍ਰਬੰਧਕ ਸੰਤ ਦਿਆਲ ਸਿੰਘ ਹੁਰਾਂ ਨਾਲ ਸੰਪਰਕ ਕੀਤਾ ਤੇ ਉਨ੍ਹਾਂ ਦੀ ਆਗਿਆ ਨਾਲ ਰਤਨ ਹਸਪੇਤਾਲ ਲੁਧਿਆਣਾ ਲੈ ਗਏ। ਐਕਸਰੇ ਤੇ ਪਿਸ਼ਾਬ ਆਦਿ ਟੈਸਟ ਕਰ ਰਿਪੋਰਟ ਬਣ ਗਈ। ਪਰ ਕੀ ਆਖਿਆ ਜਾਵੇ, ਉਹ ਡਾਕਟਰ ਸਾਹਿਬ ਇਤਨੇ ਮਿਹਰਬਾਨ ਚਾਰ ਘੰਟੇ ਅਸੀਂ ਉਥੇ ਰਹੇ। ਇਕ ਵਾਰੀ ਵੀ ਸੰਤਾਂ ਨੂੰ ਵੇਖਣ-ਪੁਛਣ ਦਾ ਕਸ਼ਟ ਨਹੀਂ ਕੀਤਾ। ਸੁਖ ਅਸੀਂ ਰਿਪੋਰਟ ਲੈ ਡਾਕਟਰ ਪਾਸ ਗਏ। ਰਿਪੋਰਟ ਵੇਖ ਡਾਕਟਰ ਨੇ ਦਵਾਈ ਲਿਖ ਦਿੱਤੀ ਤੇ ਕਿਹਾ ਤਿੰਨ-ਤਿੰਨ ਘੰਟੇ ਬਾਅਦ ਦਈ ਜਾਓ। ਹਸਪਤਾਲੋਂ ਆ ਗਏ ਦਵਾਈ ਦਈ ਗਏ। ਪਰ ਕੋਈ ਫ਼ਰਕ ਨ ਪਿਆ। ਰਾਤ ਨੂੰ ਇਕ ਦੇਸੀ ਹਕੀਮ ਦੀ ਦਵਾਈ ਦਿੱਤੀ। ਹਕੀਮ ਨੇ ਕਿਹਾ ਦੂਜੀ ਪੁੜੀ ਨਾਲ ਫ਼ਰਕ ਪੈ ਜਾਏਗਾ। ਇਕ ਪੁੜੀ ਰਾਤ ਬਾਰਾਂ ਵਜੇ ਤੇ ਦੂਜੀ ਰਾਤ ਡੇਢ ਵਜੇ ਦਿੱਤੀ। ਸੱਚਮੁੱਚ ਅੱਧੇ ਘੰਟੇ ਬਾਅਦ ਹੀ ਚਮਤਕਾਰ ਹੋਇਆ। ਜਿਥੇ ਦੋ ਦਿਨ ਦੋ ਰਾਤਾਂ ਜਿਵੇਂ ਸਮਾਧੀ ਸਥਿੱਤ ਬੱਚਿਆਂ ਬਿਨਾਂ ਕੋਈ ਗੱਲਬਾਤ ਕੀਤਿਆਂ ਗੁਜ਼ਾਰੇ ਸੀ। ਅੱਖਾਂ ਖੋਲ੍ਹ ਮੇਰੇ ਵੱਲ ਵੇਖਿਆ। ਮੈਂ ਕਿਹਾ ਅਸੀਂ ਬੜੇ ਉਦਾਸ ਹਾਂ ਤੁਸੀਂ ਕੋਈ ਗੱਲਬਾਤ ਤਾਂ ਕਰੋ। ਕਹਿਣ ਲੱਗੇ! ਸੂਬਾ ਜੀ ਐਤਕੀ ਨਹੀਂ ਗੱਲ ਬਨਣੀ। ਇਤਨਾਂ ਕਹਿ ਫਿਰ ਚੁੱਪ। ਇਤਨੇ ਨੂੰ ਥੋੜ੍ਹੀ ਦੇਰ ਬਾਅਦ ਸ੍. ਹਰਦੀਪ ਸਿੰਘ (ਦਾਮਾਦ) ਜਾਗ ਪਏ। ਤੇ ਮੈਨੂੰ ਕਿਹਾ ਸੂਬਾ ਜੀ ਤੁਸੀਂ ਹੁਣ ਆਰਾਮ ਕਰ ਲਵੋ। ਮੈਂ ਇਨ੍ਹਾਂ ਪਾਸ ਬੈਠਦਾ ਹਾਂ। ਪਰ ਉਨ੍ਹਾਂ ਦੀ ਹਾਲਤ ਵੇਖ ਆਰਾਮ ਕਿਥੇ। ਦੂਜੀ ਪੁੜੀ ਦਾ ਅਸਰ ਹੋਇਆ ਕੁਝ ਜਾਪਦਾ ਸੀ। ਕਹਿਣ ਲੱਗੇ ਮੇਰਾ ਲੰਮੇ ਪੈਣ ਨੂੰ ਜੀਅ ਕਰਦਾ ਏ। ਬਸ ਥੋੜ੍ਹੀ ਦੇਰ ਲੇਟ ਕੇ ਫਿਰ ਬੈਠ ਗਏ ਤੇ ਹਰਦੀਪ ਸਿੰਘ ਨੂੰ ਮੁਖਾਤਿਬ ਹੋ ਕਹਿਣ ਲੱਗੇ। ਦੀਪ ਤੂੰ ਸਿਆਣਾਂ ਏਂ। ਕਾਕੇ (ਸਪੁੱਤਰ ਗੁਰਬਚਨ) ਵਿੱਚ ਅੰਞਾਨ ਪੁਣਾ ਏ। ਤੂੰ ਸਭ ਦਾ ਖਿਆਲ ਰੱਖਣਾ। ਨਾਲੇ ਗੁਰੂ ਘਰ ਵੱਲੋਂ ਮੂੰਹ ਨਹੀਂ ਮੋੜਨਾ। ਸਤਿਗੁਰ ਦਾ ਲੜ ਫੜੀ ਰੱਖਣਾ ਤੇ ਆਮ ਲੋਕਾਂ ਤੋਂ ਬਚ ਕੇ ਰਹਿਣਾ। ਲੋਕਾਂ ਆਖੇ ਮੇਰੇ ਲਈ ਕਿਸੇ ਅਡੰਬਰ 'ਚ ਨਹੀਂ ਪੈਣਾ। ਸਤਿਗੁਰਾਂ ਦੀ ਕ੍ਰਿਪਾ ਨਾਲ ਮੈਂ ਜੀਊਂਦਾ ਵੀ ਮੁਕਤ ਸਾਂ ਤੇ ਮੋਇਆ ਵੀ ਮੁਕਤ ਹਾਂ। ਜਾਪਦਾ ਏ ਸਮੇਂ ਨੇ ਕਾਹਲ ਪਾ ਦਿੱਤੀ ਏ। ਜਿਸ ਅੱਗੇ ਕਿਸੇ ਦਾ ਜ਼ੋਰ ਨਹੀਂ ਚਲਦਾ। ਬਸ ਜਿਵੇਂ ਉਸ ਦੀ ਰਜ਼ਾ! ਰਾਜ਼ੀ ਹੈਂ ਹਮ ਉਸੀ ਪੈ ਜੋ ਤੇਰੀ ਰਜ਼ਾ ਹੈ। ਏਹਨਾਂ ਕੁਝ ਆਖ ਸੁਰਤਿ ਗੁਰ ਚਰਣਾਂ ਨਾਲ ਜੋੜ ਅਖੀਰ ਦਮ ਤੱਕ ਫਿਰ ਨਹੀਂ ਬੋਲੇ।

ਅਜੇ ਥੋੜੇ ਦਿਨ ਪਹਿਲੇ ਹੀ ਸ੍ਰੀ ਭੈਣੀ ਸਾਹਿਬ ਦੇ ਨਜ਼ਾਰਿਆਂ ਨੂੰ ਅੱਖਾਂ ਸਾਹਮਣੇ ਲਿਆ ਗੁਣ-ਗੁਣਾ ਰਹੇ ਸਨ! ਵਗ ਵਗ ਵੇ ਝਨਾਂ ਦਿਆ ਪਾਣੀਆਂ। ਤੇਰੇ ਕੰਢੇ ਤੇ ਆਸ਼ਕਾਂ ਨੇ ਮੌਜਾਂ ਮਾਣੀਆਂ॥

ਪਰਵਾਣਾ ਆਇਆ ਹੁਕਮ ਪਠਾਇਆ ਫੇਰਿ ਨ ਸਕੈ ਕੋਈ। ਮ:੪

੧੦ ਸਤੰਬਰ ਪਿਛਲੇ ਪਹਿਰ ਸਾਹ ਦੀ ਤਕਲੀਫ਼ ਤੇ ਬੁਖ਼ਾਰ ਨੇ ਫਿਰ ਜ਼ੋਰ ਪਾ ਦਿੱਤਾ। ਸ੍ਰੀ ਸਤਿਗੁਰੂ ਜੀ ਉਸ ਦਿਨ ਦਿੱਲੀ ਦਰਸ਼ਨ ਦੇਣ ਦੀ ਕ੍ਰਿਪਾ ਕਰ ਰਹੇ ਸਨ। ਟੈਲੀਫ਼ੋਨ ਰਾਹੀਂ ਗੁਰ ਚਰਨਾਂ 'ਚ ਬੇਨਤੀ ਕੀਤੀ! ਸਚੇ ਪਾਤਸ਼ਾਹ ਜੀ ਸੰਤਾਂ ਦੀ ਤਬੀਅਤ ਬਹੁਤ ਖਰਾਬ ਹੈ। ਕ੍ਰਿਪਾ ਕਰੋ ਜੀ ਤੰਦਰੁਸਤੀ ਬਖਸ਼ੋ। ਸਤਿਗੁਰ ਜੀ ਫਰਮਾਇਆ! ਚੰਗਾ ਕੀਤਾ ਏ ਤੂੰ ਯਾਦ ਕਰਾ ਦਿੱਤਾ ਏ। ਮੇਰਾ ਵੀ ਧਿਆਨ ਏਧਰ ਸੀ। ਤੁਸੀਂ ਉਨ੍ਹਾਂ ਨੂੰ ਦਯਾਨੰਦ ਹਸਪਤਾਲ ਲੈ ਜਾਉ। ਸਤਿਗੁਰ ਭਲੀ ਕਰਨਗੇ।

ਉਸੇ ਵੇਲੇ ਸੂਬਾ ਜੀ ਦੇ ਭਣੇਵੇਂ ਗੁਰਿੰਦਰਪਾਲ ਸਿੰਘ (ਪੱਪੂ) ਨੂੰ ਟੈਲੀਫੋਨ ਕੀਤਾ। ਉਹ ਆਪਣੀ ਕਾਰ ਲੈ ਕੇ ਆ ਗਏ ਤੇ ਸੰਤਾਂ ਨੂੰ ਅਚੇਤ ਅਵਸੱਥਾ ਵਿੱਚ ਹੀ ਦਯਾਨੰਦ ਹਸਪਤਾਲ ਲੈ ਗਏ। ਐਮਰਜੈਂਸੀ ਵਾਰਡ ਵਿੱਚ ਡਾਕਟਰਾਂ ਨੇ ਬਹੁਤ ਫੁਰਤੀ ਨਾਲ ਆਕਸੀਜਨ ਗੁਲੋਕੋਜ਼ ਤੇ ਹੋਰ ਕਈ ਮਸ਼ੀਨਾਂ ਲਗਾ ਇਲਾਜ ਸ਼ੁਰੂ ਕਰ ਦਿੱਤਾ। ਪਰ ਗਲ ਉਥੇ ਦੀ ਉਥੇ ਹੀ। ਹਸਪਤਾਲ 'ਚ ਅਸੀਂ

ਬੜੇ ਮਾਯੂਸ, ਆਪਸ ਵਿੱਚ ਸਲਾਹ ਕਰ ਸਤਿਗੁਰ ਜੀ ਦੇ ਚਰਨਾਂ ਵਿੱਚ ਫੋਨ ਤੇ ਬੇਨਤੀ ਕੀਤੀ। ਸਚੇ ਪਾਤਸ਼ਾਹ ਜੀ ਹਸਪਤਾਲ ਦਰਸ਼ਨ ਦੇਣ ਦੀ ਕ੍ਰਿਪਾ ਕਰੋ।-- ਅੱਗੋਂ ਹੁਕਮ ਹੋਇਆ, ਮੈਂ ਆ ਕੇ ਕੀ ਕਰਾਂਗਾ। ਸੰਤ ਤੇ ਅਚੇਤ ਅਵੱਸਥਾ ਵਿੱਚ ਬੋਲਦੇ ਵੀ ਨਹੀਂ ਤੇ ਅੱਖਾਂ ਤੇ ਵੀ ਡਾਕਟਰਾਂ ਨੇ ਪੱਟੀ ਬੰਨ੍ਹੀ ਹੋਈ ਏ। ਮੈਂ (ਹਰਬੰਸ ਸਿੰਘ "ਦੋਸ਼ੀ") ਅਰਜ਼ ਕੀਤੀ, ਸਚੇ ਪਾਤਸ਼ਾਹ ਜੀ ਗੁਰਬਾਣੀ 'ਚ ਫੁਰਮਾਣ ਹੈ (ਅੰਮ੍ਰਿਤ ਦ੍ਰਿਸ਼ਟਿ ਸੰਚਿ ਜੀਵਾਹਿ) ਆਪ ਜੀ ਦੀ ਅੰਮ੍ਰਿਤ ਦ੍ਰਿਸ਼ਟੀ ਉਨ੍ਹਾਂ ਦੇ ਸਰੀਰ ਤੇ ਪੈ ਜਾਏਗੀ। ਤਾਂ ਕਿਤਨਾ ਸੁਖ ਹੋ ਜਾਇਗਾ, ਭਲਾ ਹੋ ਜਾਏਗਾ ਜਾਂ ਗੁਰ ਦੇਖੈ ਸੁਭ ਦ੍ਰਿਸਟਿ। ਬਸ ਕ੍ਰਿਪਾ ਹੋ ਗਈ ਬੇਨਤੀ ਪ੍ਰਵਾਨ ਕਰ ਲਈ ਹਜ਼ੂਰ ਨੇ। ਦੇਰ ਨਹੀਂ ਲਾਈ ਫਿਰ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ ਤੇ ਹਸਪਤਾਲ ਆ ਆਪਣੇ ਪਿਆਰੇ ਸਿਖ ਦੇ ਸਰੀਰ ਤੇ ਅੰਮ੍ਰਿਤ ਦ੍ਰਿਸ਼ਟਿ ਦਾ ਸੰਚਾਰ ਕੀਤਾ ਤੇ ਡਾਕਟਰ ਨਾਲ ਵੀ ਗਲਬਾਤ ਕੀਤੀ ਤੇ ਭੈਣੀ ਸਾਹਿਬ ਆ ਕੇ ਸਤਿਗੁਰ ਜੀ ਨੇ ਮੁਖ ਡਾਕਟਰ ਨਾਲ ਸੰਪਰਕ ਬਣਾਈ ਰੱਖਿਆ ਟੈਲੀਫੋਨ ਰਾਹੀਂ।

ਸਮਾਂ ਆਪ ਹੀ ਜਿਵੇਂ ਵਕਤ ਨਾਲ ਸੋਝੀ ਕਰਾਉਂਦਾ ਏ। ੧੦ ਤੋਂ ੧੯ ਸਤੰਬਰ ਤੱਕ ਡਾਕਟਰਾਂ ਦੇ ਬਹੁਤ ਪੁਰਸ਼ਾਰਥ ਤੇ ਮਿਹਨਤ ਦੇ ਬਾਵਜੂਦ ਵੀ ਸੰਤਾ ਨੂੰ ਉਸ ਤਰ੍ਹਾਂ ਹੀ ਅਚੇਤ ਅਵਸਥਾ ਵਿੱਚ ਵੇਖ ਅਸੀਂ ਡਾਕਟਰਾਂ ਨੂੰ ਪੁਛਿਆ। ਡਾਕਟਰ ਸਾਹਿਬ ਅਸੀਂ ਤਾਂ ਬੜੇ ਉਦਾਸ ਤੇ ਮਾਯੂਸ ਹਾਂ। ਅੱਜ ਸਤ ਦਿਨ ਹੋ ਗਏ ਸਾਨੂੰ ਜ਼ਰਾ ਵੀ ਫ਼ਰਕ ਨਹੀਂ ਜਾਪਦਾ। ਸਾਨੂੰ ਕ੍ਰਿਪਾ ਕਰ ਠੀਕ-ਠੀਕ ਦੱਸੋ। ਤੁਹਾਡੇ ਵਸ ਦੀ ਗਲ ਹੈ ਕਿ ਨਹੀਂ।

ਡਾਕਟਰ ਨੇ ਦਸਿਆ ਇਨ੍ਹਾਂ ਦਾ ਲੀਵਰ ਖਰਾਬ ਹੋ ਗਿਆ ਏ। ਸਿਰਫ਼ ੧੦% ਕੰਮ ਕਰਦਾ ਏ। ਇਲਾਜ ਤਾਂ ਅਸੀਂ ਕਰ ਹੀ ਰਹੇ ਹਾਂ। ਪਰ ਯਕੀਨਨ ਗਰੰਟੀ ਨਾਲ ਅਸੀਂ ਕਹਿ ਕੁਝ ਨਹੀਂ ਸਕਦੇ। ਅਸੀਂ ਸ੍ਰੀ ਭੈਣੀ ਸਾਹਿਬ ਆ ਸਤਿਗੁਰ ਜੀ ਦੇ ਚਰਨਾਂ ਤੇ ਨਮਸਕਾਰ ਕਰ ਡਾਕਟਰ ਨਾਲ ਹੋਈ ਗਲ ਸਤਿਗੁਰ ਚਰਨਾਂ 'ਚ ਅਰਜ਼ ਕੀਤੀ। ਸਤਿਗੁਰੂ ਜੀ ਫਰਮਾਇਆ ਮੈਂ ਵੀ ਵੱਡੇ ਡਾਕਟਰ ਨਾਲ ਟੈਲੀਫੋਨ ਤੇ ਗੱਲ ਕੀਤੀ ਏ। ਉਸ ਵੀ ਇਹੋ ਹੀ ਦੱਸਿਆ ਹੈ। ਤੁਸੀਂ ਉਨ੍ਹਾਂ ਨੂੰ ਐਥੋਂ ਭੈਣੀ ਸਾਹਿਬ ਲੈ ਆਵੋ। ਉਥੇ ਨਹੀਂ ਰੱਖਣਾ। ਅਸੀਂ ਹਸਪਤਾਲ ਜਾ ਡਾਕਟਰ ਨੂੰ ਕਿਹਾ। ਅਸੀਂ ਸਤਿਗੁਰੂ ਜੀ ਦੀ ਆਗਿਆ ਨਾਲ ਆਪਣੇ ਮਰੀਜ਼ (ਸੰਤ ਜੀ) ਨੂੰ ਲਿਜਾਣਾ ਚਾਹੁੰਦੇ ਹਾਂ। ਤੁਹਾਡਾ ਕੀ ਵਿਚਾਰ ਹੈ।— ਡਾਕਟਰ ਨੇ ਕਿਹਾ ਤੁਹਾਡੀ ਮਰਜ਼ੀ। ਅਸਾਂ ਕੀ ਕਹਿਣਾ ਏ। ਐਥੇ ਲਿਖ ਦਿਉ ਅਸੀਂ ਆਪਣੀ ਮਰਜ਼ੀ ਨਾਲ ਲਿਜਾ ਰਹੇ ਹਾਂ। ਨਾਲ ਹੀ ਅਸੀਂ ਇਹ ਵੀ ਪੁਛਿਆ, ਡਾਕਟਰ ਸਾਹਿਬ ਐਹ ਆਕਸੀਜ਼ਨ ਤੇ ਹੋਰ ਮਸ਼ੀਨਾਂ ਆਦਿ ਜੋ ਤੁਸਾਂ ਲਾਈਆਂ ਹੋਈਆਂ ਹਨ। ਜਦੋਂ ਤੁਸੀਂ ਉਤਾਰ ਲਵੋਗੇ। ਫਿਰ ਕੀ ਪੁਜ਼ੀਸ਼ਨ ਹੋਵੇਗੀ।

ਬਸ ਫਿਰ ਕੀ ਹੋਣਾ ਏ। ਅਵੱਲ ਤਾਂ ਏਥੋਂ ਥੱਲੇ ਉਤਰਦਿਆਂ ਹੀ ਨਹੀਂ ਤੇ ਵੱਧ ਤੋਂ ਵੱਧ ਢਾਈ ਤਿੰਨ ਘੰਟੇ ਤੱਕ ਸਵਾਸ ਪੂਰੇ ਹੋ ਜਾਣਗੇ। ਡਾਕਟਰ ਨੇ ਕਿਹਾ।

ਸੁਖ! ਅਸੀਂ ਗੁਰਚਰਨਾਂ 'ਚ ਅਰਦਾਸ ਕਰ ਉਸ ਬੇਗ਼ਮਪੁਰ ਦੇ ਵਾਸੀ ਸੰਤ ਗਿਆਨ ਸਿੰਘ ਨੂੰ ਉਸ ਤਰ੍ਹਾਂ ਹੀ ਅਚੇਤ ਅਵਸਥਾ ਵਿੱਚ ਸ੍ਰੀ ਭੈਣੀ ਸਾਹਿਬ ਦੀ ਪਾਵਨ ਪੁੰਨ ਭੂਮੀ ਤੇ ਲੈ ਆਏ ਰਾਤ ਨੌਂ ਵਜੇ। ਡਾਕਟਰ ਦੀ ਪੇਸ਼ੀਨ ਗੋਈ ਤਾਂ ਗਲਤ ਸਾਬਤ ਹੋਈ। ਤੇ ਗੁਰ ਫੁਰਮਾਨ ਅਨੁਸਾਰ (ਛਨਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ। ਮ:੫) ਸਾਰੀ ਰਾਤ ਤੇ ਅਗਲੇ ਦਿਨ ਦੇ ਪਿਛਲੇ ਪਹਿਰ ੩.੦੦ ਵਜੇ (ਜਿਸ ਤੇ ਉਪਜਿਆ ਤਿਸ ਮਾਹਿ ਸਮਾਨਾ। ਮ:੫) ਆਪਣੀ ਜੀਵਨ ਯਾਤਰਾ ਦਾ ਬਹੁਤ ਸ਼ਾਨਦਾਰ ਸਫ਼ਰ ਸਹਿਜ ਅਵਸਥਾ ਵਿੱਚ ਸੰਪੂਰਨ ਕੀਤਾ। ਆਪਣੇ ਇਸ ਜੀਵਨ ਦੀਆਂ ਪੱਚਾਸੀ ਬਹਾਰਾਂ ਵਿੱਚ ਚਿਟੀ ਚਾਦਰ ਨੂੰ ਦਾਗ਼ ਨਹੀਂ ਲੱਗਣ ਦਿੱਤਾ। ਸਹਿਜ ਨਾਲ ਹੀ ਗੁਰ ਚਰਨਾਂ 'ਚ ਜਾ ਬਿਰਾਜੇ।

ਸਦਮਾ ਤਾਂ ਭਾਵੇਂ ਅਸਹਿ ਸੀ। "ਪਰ ਮਤ ਮੈਂ ਪਿਛੈ ਕੋਈ ਰੋਵਸੀ" ਗੁਰ ਫੁਰਮਾਨ ਨੂੰ ਮੁੱਖ ਰੱਖ ਉਸ ਵੇਲੇ ਹੀ ਤੇਰਾ ਕੀਆ ਮੀਠਾ ਲਾਗੈ ਹਰਿ ਨਾਮ ਪਦਾਰਥ ਨਾਨਕ ਮਾਗੈ। ਨਾਮ ਸਿਮਰਨ ਤੇ ਸੁਖਮਨੀ ਸਾਹਿਬ ਦਾ ਪਾਠ ਆਰੰਭ ਹੋ ਗਿਆ। ਜੋ ਸਾਰੀ ਰਾਤ ਤੇ ਅਗਲੇ ਦਿਨ ੮.੩੦ ਵਜੇ ਤੱਕ ਨਿਰੰਤਰ ਚਲਦਾ ਰਿਹਾ। ਪਾਠ ਵਿੱਚ ਮਾਸਟਰ ਅਜੀਤ ਸਿੰਘ, ਸੰਤ ਸਾਧਾ ਸਿੰਘ, ਸ੍ਰ. ਨਿਸ਼ਾਨ ਸਿੰਘ, ਸ੍ਰ. ਬਲਦੇਵ ਸਿੰਘ, ਸ੍ਰ. ਹਰਦੀਪ ਸਿੰਘ ਹੁਰਾਂ ਨਿਰੰਤਰ ਆਪਣੀ-ਆਪਣੀ ਵਾਰੀ ਨੂੰ ਜਾਰੀ ਰੱਖਿਆ। ੮.੩੦ ਵਜੇ ਜਥੇ: ਅਜੈਬ ਸਿੰਘ ਹੁਰਾਂ ਕੀਰਤਨ ਸ਼ੁਰੂ ਕਰ ਦਿੱਤਾ। ਇਨ੍ਹਾਂ ਨਾਲ ਦਿਲ ਨੂੰ ਸੰਭਾਲਦਿਆਂ ਸੰਤਾਂ ਦੇ ਸਪੁਤਰ ਗੁਰਬਚਨ ਸਿੰਘ ਨੇ ਜਿਥੇ ਢੋਲਕ ਵਜਾ ਕੇ ਸਾਥ ਦਿੱਤਾ ਸ਼ਬਦ ਗਾਇਨ 'ਚ ਵੀ ਪੂਰਾ ਸਾਥ ਦਿੱਤਾ। ਜਥੇਦਾਰ ਜੀ ਨੇ ਜਦੋਂ ਇਹ ਸ਼ਬਦ "ਬਾਬਾ ਬੋਲ ਤੇ ਥੇ ਕਹਾ ਗਏ" ਪੜ੍ਹਿਆ। ਟੁਟ ਗਿਆ ਸੰਗਤਾਂ ਦਾ ਸਾਹਸ, ਨ ਸੰਭਲ ਸਕੇ ਤੇ ਸਜਲ ਨੇਤਰੀਂ ਸ਼ਬਦ ਪੜ੍ਹਿਆ ਤੇ ਸੁਣਿਆ। ੯.੩੦ ਵਜੇ ਸਮਾਪਤੀ ਤੋਂ ਬਾਅਦ ਗੁਰ ਮਰਿਯਾਦਾ ਅਨੁਸਾਰ ਇਸ਼ਨਾਨ ਕਰਾ, ਅੰਮ੍ਰਿਤ ਛਕਾ, ਅਰਦਾਸ ਕਰ, ਆਧੁਨਿਕ ਢੰਗ ਨਾਲ ਬਣੀ ਸ਼ਮਸ਼ਾਨ ਭੂਮੀ ਵੱਲ ਸਾਧ ਸੰਗਤ ਦੇ ਬਹੁਤ ਵੱਡੇ ਇਕੱਠ ਵਿੱਚ ਜਥੇਦਾਰਾਂ ਦੇ ਇੱਕ ਸਮੂਹ ਦੀ ਅਗਵਾਈ ਵਿੱਚ ਕੀਰਤਨ ਕਰਦਿਆਂ ਬਿਬਾਣ ਯਾਤਰਾ ਸ਼ੁਰੂ ਹੋਈ ਤੇ ਸ਼ਮਸ਼ਾਨ ਭੂਮੀ ਪਹੁੰਚ ਕੇ ਵੀ ਸਵਾ-ਡੇਢ ਘੰਟਾ ਵੈਰਾਗ ਮਈ ਸੁਰਾਂ ਵਿੱਚ ਕੀਰਤਨ ਹੁੰਦਾ ਰਿਹਾ। ਜਿਸ ਵਿੱਚ ਜਥੇ. ਇਕਬਾਲ ਸਿੰਘ, ਜਥੇ. ਸੂਬਾ ਅਜੀਤ ਸਿੰਘ, ਜਥੇ. ਸੂਬਾ ਸੇਵਾ ਸਿੰਘ, ਜਥੇ. ਗੁਰਦੀਪ ਸਿੰਘ, ਜਥੇ. ਸੁਦਰਸ਼ਨ ਸਿੰਘ ਤੇ ਜਥੇਦਾਰ ਅਜੈਬ ਸਿੰਘ ਹੁਰਾਂ ਸਭ ਨੇ ਰਲਕੇ ਵੈਰਾਗ ਮਈ ਧਾਰਨਾ (ਮੋਹਿ ਮਰਨੇ ਕਾ ਚਾਉ ਹੈ ਮਰਉਂ ਤੋਂ ਹਰਿ ਕੇ ਦੁਆਰ।-ਐਸੀ ਮਰਨੀ ਜੋ ਮਰੇ ਬਹੁੜ ਨ ਮਰਨਾ ਹੋਇ।) ਉੱਤੇ ਗੁਰਬਾਣੀ ਦੇ ਪ੍ਰਮਾਣ ਦਿੰਦਿਆਂ ਅਖੰਡ ਕੀਰਤਨ ਕਰ ਸਾਧ ਸੰਗਤ ਨੂੰ ਗੁਰ ਚਰਨਾਂ ਨਾਲ ਜੋੜੀ ਰੱਖਿਆ।

ਗਿਆਨ ਮਾਰਤੰਡ ਪੰਡਤ ਗੁਪਾਲ ਸਿੰਘ ਜੀ ਨੇ ਵੀ ਆਪਣੇ ਜੀਵਨ ਦੇ ਅਧਿਆਤਮਕ ਸਫ਼ਰ ਦੇ ਸਾਥੀ ਸੰਤ ਗਿਆਨ ਸਿੰਘ ਹੁਰਾਂ ਨੂੰ ਮੌਨ ਸ਼ਰਧਾਂਜਲੀ ਦਿੰਦਿਆਂ ਜਥੇ ਵਿੱਚ ਹੀ ਸ਼ਮੂਲੀਅਤ ਕੀਤੀ ਅਤੇ ਉਹ ਵਕਤ ਆ ਗਿਆ। ਜਦ ਅਰਦਾਸ ਕਰ ਸੰਤਾ ਦੇ ਮ੍ਰਿਤਕ ਸਰੀਰ ਨੂੰ ਉਨ੍ਹਾਂ ਦੇ ਸਪੁੱਤਰ ਗੁਰਬਚਨ ਸਿੰਘ ਨੇ ਅਗਨਿ ਪ੍ਰਜਵਲਤ ਕਰ ਦਾਹ ਸੰਸਕਾਰ ਦੀ ਰਸਮ ਅਦਾ ਕੀਤੀ।

ਤੁਮ ਨਹੀਂ ਲੇਕਿਨ ਤੁਮਹਾਰੀ ਉਲਫ਼ਤ ਹਮਾਰੇ ਦਿਲ ਮੇਂ ਹੈ।
ਬੁਝ ਗਈ ਸ਼ਮ੍ਹਾਂ ਫਿਰ ਭੀ ਰੋਸ਼ਨੀ ਮਹਿਫ਼ਲ ਮੇਂ ਹੈ।

ਸੰਤਾਂ ਦੇ ਸਰੀਰ ਛੱਡਣ ਤੋਂ ਬਾਅਦ ਉਹਨਾਂ ਦੀ ਹੋਈ ਕੀਰਤੀ ਨੂੰ ਵੇਖ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਵਚਨ ਯਾਦ ਆਉਂਦਾ ਏ। ਜਿਵੇਂ ਕਿਸੇ ਸ਼ੀਸ਼ੀ ਵਿੱਚ ਖੁਸ਼ਬੂਦਾਰ ਤੇਲ ਪਿਆ ਹੋਵੇ। ਉਹ ਖੁਸ਼ਬੂ ਸ਼ੀਸ਼ੀ ਵਿੱਚ ਹੀ ਬੰਦ ਰਹਿੰਦੀ ਏ। ਜਾਂ ਜਿਸ ਦੇ ਕੋਲ ਉਹ ਸ਼ੀਸ਼ੀ ਹੋਵੇ, ਉਹ ਉਸ ਵਿਚੋਂ ਕੁਝ ਬੂੰਦਾਂ ਲੈ ਕੇ ਮੁਅੱਤਰ ਹੋ ਸਕਦਾ ਏ। ਪਰ ਜਦੋਂ ਸ਼ੀਸ਼ੀ ਟੁੱਟ ਜਾਵੇ, ਉਸ ਤੇਲ ਦੇ ਡੁੱਲ ਜਾਣ ਨਾਲ ਆਲਾ-ਦੁਆਲਾ ਮੁਅੱਤਰ ਹੋ ਜਾਂਦਾ ਏ। ਇਸ ਤਰ੍ਹਾਂ ਹੀ ਸੰਤਾਂ ਦੇ ਸਰੀਰ ਰੂਪੀ ਸ਼ੀਸ਼ੀ ਦੇ ਟੁੱਟ ਜਾਣ ਨਾਲ ਉਨ੍ਹਾਂ ਦੇ ਸ਼ੁਭ ਗੁਣਾਂ ਦੀ ਚਰਚਾ ਨਾਲ ਚਾਰ-ਚੁਫੇਰਾ ਮੁਅੱਤਰ ਖੁਸ਼ਬੂਦਾਰ ਹੋ ਰਿਹਾ ਹੈ।

ਤੁਸੀਂ ਹੋ ਪਿਆਰੇ ਸੰਤ ਜੀ ਉਹ ਚੰਦਨ ਰੁਖ ਮਹਾਨ।
ਜਿਸ ਦੀ ਨਾਲ ਸੁਗੰਧ ਦੇ ਮਹਿਕੇ ਸਗਲ ਜਹਾਨ।

ਹਰਬੰਸ ਸਿੰਘ ਦੋਸ਼ੀ

-0-

ਮਾਸਕ ਵਰਿਆਮ ਵੱਲੋਂ ਸ਼ਰਧਾਂਜਲੀ

ਜਥੇਦਾਰ ਗਿਆਨ ਸਿੰਘ ਵੀਰੋਕੇ ਦੀ ਸਿਮ੍ਰਤੀ ਵਿੱਚ

ਜਥੇਦਾਰ ਸੰਤ ਗਿਆਨ ਸਿੰਘ ਵੀਰੋਕੇ, ਲੋਕ ਮਨਾਂ ਤੇ ਆਪਣੇ ਚਰਿੱਤਰ ਦੀ ਡੂੰਘੀ ਛਾਪ ਲਾ ਕੇ ਆਪਣੀ ਜੀਵਨ ਯਾਤਰਾ ਪੂਰਨ ਸ਼ਾਨ ਅਤੇ ਸਤਿਕਾਰ ਨਾਲ ਸੰਪੂਰਨ ਕਰ ਗਏ ਹਨ। ਬਹੁਤ ਘੱਟ ਲੋਕ ਹਨ, ਜੋ ਆਪਣੇ ਜੀਵਨ ਵਿੱਚ ਆਪਣੇ ਨਾਮ ਨੂੰ ਸਾਰਥਕ ਕਰਦੇ ਹਨ। ਜਥੇਦਾਰ ਜੀ ਵਿੱਚ ਉਚ ਦੁਮਾਲੜੇ ਜਥੇਦਾਰ, ਪੂਰਨ ਸੰਤ, ਗਿਆਨ ਦੇ ਭੰਡਾਰ ਅਤੇ ਸਿੰਘਤਵ ਦੇ ਸਾਰੇ ਗੁਣ ਸਨ।

ਉਹ ਉੱਚੀ ਬਿਰਤੀ ਵਾਲੇ ਮਹਾਂਪੁਰਖ ਸਨ। ਤੜਕੇ ਸਵੇਰੇ ਉਠਣ ਵਾਲੇ, ਇਸ਼ਨਾਨ ਕਰਕੇ ਖੂਬ ਭਜਨ ਕਰਨ ਵਾਲੇ, ਗੁਰਬਾਣੀ ਦੇ ਅਭਿਆਸੀ, ਸ਼ੁਧ ਗੁਰਬਾਣੀ ਪੜ੍ਹਨ ਵਾਲੇ ਅਖੰਡ ਪਾਠੀ ਅਤੇ ਵਿਚਾਰਵਾਨ ਸਨ। ਉਹ ਗਿਆਨਵਾਨ ਸਨ ਅਤੇ ਉਨ੍ਹਾਂ ਇੱਕ ਉੱਚਾ-ਸੁੱਚਾ ਆਦਰਸ਼ਕ ਜੀਵਨ ਜੀਵਿਆ। ਉਹਨਾਂ ਸਾਰੀ ਉਮਰ ਸੰਗੀਤ, ਕੀਰਤਨ ਦਾ ਅਭਿਆਸ ਕੀਤਾ। ਰਾਗ ਕੀਰਤਨ ਅਤੇ ਹੱਲੇ ਦੇ ਦੀਵਾਨਾਂ ਵਿੱਚ ਨਵੇਂ ਕੀਰਤੀਮਾਨ ਸਥਾਪਤ ਕੀਤੇ। ਦੇਸ਼ ਵਿਦੇਸ਼ ਵਿੱਚ ਘੁੰਮਣ, ਸਤਿਗੁਰਾਂ ਦੀ ਨੇੜਤਾ ਪ੍ਰਾਪਤ ਹੋਣ, ਅਪਾਰ ਜਸ ਅਤੇ ਸੋਭਾ ਦੇ ਬਾਵਜੂਦ ਉਹ ਇਕ ਦਰਵੇਸ਼ ਪੁਰਸ਼, ਇਕ ਨਿਰਮਾਨ ਵਿਅਕਤੀ, ਇਕ ਜਨ ਸਾਧਾਰਨ ਵਾਂਗ ਰਹੇ। ਉਹ ਅਕਸਰ ਇਹ ਸ਼ਬਦ ਕਿਸੇ ਸਰੀਰ ਦੇ ਚੜ੍ਹਾਈ ਕਰ ਜਾਣ ਤੇ ਪੜ੍ਹਦੇ ਹੁੰਦੇ ਸਨ।

ਬਾਬਾ ਬੋਲਤੇ ਤੇ ਕਹਾ ਗਏ, ਦੇਹੀ ਕੇ ਸੰਗ ਰਹਤੇ॥
ਸੁਰਤਿ ਮਾਹਿ ਜੋ ਨਿਰਤੇ ਕਰਤੇ ਕਥਾ ਬਾਰਤਾ ਕਹਤੇ...

ਇਸ ਸ਼ਬਦ ਨੂੰ ਪੜ੍ਹਨ ਸਮੇਂ, ਵਕਤ ਦੀ ਨਜ਼ਾਕਤ ਅਨੁਸਾਰ ਰਾਗ ਸੁਰ, ਗਲੇ ਦੀ ਮਧੁਰਤਾ ਅਤੇ ਗਾਇਣ ਦੇ ਅੰਦਾਜ਼ ਨਾਲ ਉਹ ਕਬੀਰ ਜੀ ਦੇ ਇਸ ਸ਼ਬਦ ਵਿਚਲੇ ਵਿਚਾਰ ਤੱਤ ਨੂੰ ਧੁਰ ਆਤਮਾ ਤੱਕ ਪਹੁੰਚਾ ਦਿੰਦੇ। ਆਪਣੀ ਵਿਆਖਿਆ ਨਾਲ ਉਹ ਸਰੋਤਿਆਂ ਨੂੰ ਮੋਮ ਵਾਂਗ ਪਿਘਲਾ ਦਿੰਦੇ। ਕਦੇ ਖਿਆਲ ਨਹੀਂ ਸੀ ਆਇਆ ਕਿ ਇਕ ਦਿਨ ਜਥੇਦਾਰ ਜੀ ਬਾਰੇ ਸਾਨੂੰ ਖ਼ੁਦ ਨੂੰ ਵੀ ਸੋਚਣਾ ਪਵੇਗਾ ਅਤੇ ਕਹਿਣਾ ਪਵੇਗਾ—

"ਬਾਬਾ ਬੋਲਤੇ ਤੇ ਕਹਾ ਗਏ"

ਨਾਮਧਾਰੀ ਸਮਾਜ ਗਿਣਤੀ ਪੱਖੋਂ ਭਾਵੇਂ ਛੋਟਾ ਸਮਾਜ ਹੈ, ਪਰ ਘਾਲਣਾ, ਸਿਮਰਨ, ਸੇਵਾ ਸਾਧਨਾ ਅਤੇ ਕੁਰਬਾਨੀ ਦੇ ਪੱਖੋਂ ਉਚਤਮ ਮਾਨਵੀ ਅਤੇ ਦੈਵੀ ਕਦਰਾਂ, ਕੀਮਤਾਂ ਵਾਲਾ ਭਾਈਚਾਰਾ ਹੈ। ਇਸ ਦੀ ਧਰਮ, ਇਤਿਹਾਸ, ਸਮਾਜ ਅਤੇ ਸੰਸਕ੍ਰਿਤੀ ਤੇ ਡੂੰਘੀ ਛਾਪ ਹੈ। ਇਸ ਛੋਟੇ ਜਿਹੇ ਸਮਾਜ ਉਤੇ ਬਹੁਤ ਮੁਸੀਬਤਾਂ ਆਈਆਂ ਅਤੇ ਇਹ ਸਦਾ ਸੰਘਰਸ਼ ਵਿਚੋਂ ਲੰਘਿਆ। ਕੁਰਬਾਨੀਆਂ ਭਰੇ ਇਸ ਗੌਰਵਮਈ ਇਤਿਹਾਸਕ ਦੌਰ ਵਿੱਚ ਵਦੇਸ਼ੀ ਗੋਰੀ ਹਕੂਮਤ ਨੇ ਇਸ ਨੂੰ ਮੁਕੰਮਲ ਤੌਰ ਤੇ ਮਲੀਆਮੇਟ ਕਰਨ ਵਾਸਤੇ ਕੋਈ ਕਸਰ ਨਾ ਛੱਡੀ। ਇਨ੍ਹਾਂ ਦੇ ਮਹਿਬੂਬ ਰਹਿਬਰ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕੀਤਾ ਗਿਆ। ਇਹ ਤੋਪਾਂ ਨਾਲ ਉਡਾਏ ਗਏ। ਸਮੁੱਚੀ ਨਾਮਧਾਰੀ ਲੀਡਰਸ਼ਿੱਪ ਜੇਲ੍ਹ ਬੰਦ ਜਾਂ ਨਜ਼ਰਬੰਦ ਕੀਤੀ ਗਈ। ਇਨ੍ਹਾਂ ਦੇ ਪ੍ਰਚਾਰ ਪ੍ਰਸਾਰ ਤੇ ਐਲਾਨੀਆਂ ਪਾਬੰਦੀ ਲਗਾਈ ਗਈ। ਸਰਕਾਰੀ ਸਕੂਲਾਂ, ਅਦਾਲਤਾਂ, ਡਾਕ ਦਾ ਇਨ੍ਹਾਂ ਆਪ ਵਹਿਸ਼ਕਾਰ ਕੀਤਾ ਹੋਇਆ ਸੀ। ਇਨ੍ਹਾਂ ਦੇ ਹੱਥ ਪ੍ਰਚਾਰ ਵਾਸਤੇ ਹੈ ਕੀ ਸੀ?

ਇਨ੍ਹਾਂ ਕੋਲ ਵੀ ਹਥਿਆਰ ਸੀ। ਮਨ ਦੀ ਮਜ਼ਬੂਤੀ ਵਾਸਤੇ ਨਾਮ ਸਿਮਰਨ, ਉੱਚ ਆਦਰਸ਼

ਅਤੇ ਹੱਲੇ ਦਾ ਦੀਵਾਨ। ਹੱਲੇ ਦਾ ਦੀਵਾਨ ਢੋਲਕੀ ਛੈਣਿਆਂ ਅਕ [illegible] ਦਾ ਉਹ ਸੰਮਲ ਸੀ ਜਿਸ ਤੋਂ ਇਉਂ ਪ੍ਰਤੀਤ ਹੁੰਦਾ ਸੀ ਕਿ ਹੱਲਾ ਹੋ ਰਿਹਾ ਹੈ। 'ਨੱਠੋ ਜਾਣ ਫਿਰੰਗੀ ਵਜ ਘੁੰਗਰੂ ਵਰਗੇ' ਬੋਲਾਂ ਨਾਲ ਇਹ ਕੱਸੀ ਹੋਈ ਢੋਲਕੀ ਵਜਾਉਂਦੇ ਜਿਥੋਂ ਦੀ ਲੰਘ ਜਾਂਦੇ ਪਿੰਡਾਂ ਦੇ ਪਿੰਡ ਕੂਕੇ ਹੁੰਦੇ ਜਾਂਦੇ। ਨਾਮਧਾਰੀਆਂ ਦੇ ਹੱਲੇ ਦੇ ਦੀਵਾਨ ਦਾ ਕੋਈ ਤੋੜ ਨਹੀਂ ਸੀ। ਜੇ ਇਹ ਦੀਵਾਨ ਹੱਲੇ ਦਾ ਸੀ ਤਾਂ ਇਸ ਦੇ ਜਥੇਦਾਰ ਵੀ ਤਾਂ ਹੱਲੇ 'ਚ ਜਰਨੈਲ ਸਨ। ਜਿਵੇਂ ਪੰਜ ਹਜ਼ਾਰੀ ਜਾਂ ਦਸ ਹਜ਼ਾਰੀ ਜਰਨੈਲ ਹੁੰਦੇ ਹਨ ਓਵੇਂ ਦੇ। ਭਾਵੇਂ ਸਰਕਾਰੀ ਜਾਂ ਭਾਈਚਾਰਕ ਤੌਰ ਤੇ ਇਨ੍ਹਾਂ ਨੂੰ ਇਹ ਉਪਾਧੀ ਨਹੀਂ ਸੀ ਦਿੱਤੀ ਗਈ, ਪਰ ਹਜ਼ਾਰਾਂ ਦੀ ਤਾਦਾਦ ਵਿੱਚ ਲੋਕਾਂ ਨੂੰ ਆਕਰਸ਼ਿਤ ਕਰਨ ਵਾਲੇ ਸਨ। ਇਨ੍ਹਾਂ 'ਜਰਨੈਲਾਂ' ਦੀ ਵੀ ਇਕ ਪ੍ਰਭਾਵਸ਼ਾਲੀ ਸੂਚੀ ਹੈ। ਅਸੀਂ ਆਪਣੀਆਂ ਅੱਖਾਂ ਨਾਲ ਵੇਖਿਆ ਕਿ ਜਥੇਦਾਰ ਅਤਰ ਸਿੰਘ ਨੇ ਭਾਵੇਂ ਵਾਹਨਾਂ (ਵਾਹੇ ਹੋਏ ਖੇਤਾਂ) ਦੇ ਵਿੱਚ ਦੀਵਾਨ ਲਾ ਦੇਣਾ ਵਹੀਰਾਂ ਦੀਆਂ ਵਹੀਰਾਂ ਉਹਨਾਂ ਦੇ ਦੀਵਾਨ ਸੁਨਣ ਨੂੰ ਧਾਹ ਪੈਣੀਆਂ। ਨਾਮਧਾਰੀ ਦੀਵਾਨਾਂ ਦੇ ਇਹ ਮਾਨਯੋਗ ਜਰਨੈਲ ਲੋਕਾਂ ਦੇ ਮਹਿਬੂਬ ਕੀਰਤਨਕਾਰ ਸਨ। ਇਹ ਸਾਰੇ ਭਾਵੇਂ ਰਾਗ ਤਾਲ ਦੀ ਸ਼ਾਸਤਰੀ ਜਾਣਕਾਰੀ ਨਹੀਂ ਸਨ ਰੱਖਦੇ, ਪਰ ਇਹਨਾਂ ਦੇ ਅੰਦਰਲੀ ਸੰਗੀਤਕਤਾ ਅਤੇ ਇਤਿਹਾਸ ਦੇ ਬਖ਼ਸ਼ੇ ਸੱਲਾਂ ਨੇ ਇਨ੍ਹਾਂ ਨੂੰ ਸਦਾ ਲਈ ਲੋਕਾਂ ਦੇ ਮਨਾਂ ਵਿੱਚ ਸਥਾਪਤ ਕਰ ਦਿੱਤਾ। ਇਹ ਸਾਦੀਆਂ ਸਰਲ ਧਾਰਨਾਂ ਪੜ੍ਹਦੇ ਅਤੇ ਸਾਦੇ ਸ਼ਬਦ ਵਰਤਦੇ। ਨਾਮਧਾਰੀ ਗੁਰੂ ਸਾਹਿਬਾਨ ਦੇ ਦੀਵਾਨਾਂ ਵਿੱਚ ਹੱਲੇ ਦੇ ਦੀਵਾਨਾਂ ਤੋਂ ਇਲਾਵਾ ਰਾਗੀਆਂ ਰਬਾਬੀਆਂ ਦੀਆਂ ਜੋੜੀਆਂ ਸਨ, ਜੋ ਗੁਰਮਤ ਕੀਰਤਨ ਨੂੰ ਸ਼ਾਸਤਰੀ ਸੁਰਤਾਲਾਂ ਵਿੱਚ ਗਾਉਂਦੇ। ਵਿਆਖਿਆਨਕਾਰ ਕਥਾਕਾਰ ਅਤੇ ਹੋਰ ਪ੍ਰਚਾਰਕ ਵੱਖਰੀ ਪੁਸਤਕ ਦਾ ਵਿਸ਼ਾ ਹਨ।

ਸੰਤ ਗਿਆਨ ਸਿੰਘ ਹੋਰਾਂ ਨੂੰ ਸਮੇਂ ਨੇ ਇੱਕ ਐਸੇ ਗੇੜ ਵਿਚੋਂ ਲੰਘਣ ਲਈ ਮਜਬੂਰ ਕੀਤਾ ਕਿ ਉਨ੍ਹਾਂ ਅੱਗੇ ਸਿਵਾਏ ਘਾਲਣਾ ਤੋਂ ਹੋਰ ਕੋਈ ਰਾਹ ਹੀ ਨਹੀਂ ਸੀ। ਚਾਰ ਸਾਲ ਦੀ ਉਮਰ ਵਿੱਚ ਬਾਪ ਦਾ ਸਾਇਆ ਸਿਰ ਤੋਂ ਉਠ ਜਾਣਾ। ਵਿਧਵਾ ਮਾਤਾ, ਇਕ ਭੈਣ ਤੇ ਬਾਲਕ ਗਿਆਨ ਸਿੰਘ ਇਹ ਹੀ ਟੱਬਰ ਸੀ। ਜ਼ਮੀਨ ਵੀ ਕਿਸੇ ਸਮੇਂ ਭਾਈ ਬੰਦਾਂ ਨੇ ਖੋਹ ਲਈ ਅਤੇ ਬਾਲਕ ਗਿਆਨ ਸਿੰਘ ਦੀ ਜਾਨ ਨੂੰ ਵੀ ਖ਼ਤਰਾ ਹੋ ਗਿਆ। ਜੰਮਦਿਆਂ ਹੀ ਮੁਹਿੰਮਾਂ ਪੈ ਗਈਆਂ ਅਤੇ ਇਸ ਦੌਰ ਦੀਆਂ ਮਜਬੂਰੀਆਂ ਵਿਚੋਂ ਉਭਰੀ ਇਕ ਉਚੀ ਸੁੱਚੀ ਸ਼ਖ਼ਸੀਅਤ ਜਿਸ ਦੀ ਸ਼ੋਭਾ ਦੇਸ਼ ਵਿਦੇਸ਼ ਵਿੱਚ ਫੈਲੀ। ਜਿਸ ਨੇ ਆਪਣੇਂ ਪ੍ਰੇਮ ਨਾਲ ਆਪਣੇ ਪਰਾਏ ਸਭ ਲੋਕਾਂ ਨੂੰ ਸਰਸ਼ਾਰ ਕੀਤਾ। ਉਨ੍ਹਾਂ ਦੀ ਸਾਦਗੀ ਨਿਰਮਾਨਤਾ ਅਤੇ ਸਹਿਜਤਾ ਉਨ੍ਹਾਂ ਦੇ ਮੂੰਹੋਂ ਇਹ ਸ਼ਬਦ ਆਪਣੇ ਬਾਰੇ ਤਾਂ ਨਹੀਂ ਸੀ ਕਢਵਾ ਸਕਦੀ, ਪਰ ਉਨ੍ਹਾਂ ਦੇ ਉਤੇ ਹੀ ਢੁਕਦੀ ਗੁਰਬਾਣੀ ਦੀ ਇਹ ਤੁਕ ਹੈ :

ਹਉ ਗੋਸਾਈ ਦਾ ਪਹਿਲਵਾਨੜਾ
ਮੈ ਗੁਰ ਮਿਲਿ ਉਚ ਦੁਮਾਲੜਾ॥

ਗੋਸਾਈਂ (ਸਤਿਗੁਰੂ) ਦੇ ਪਹਿਲਵਾਨ ਉਹ ਕਿਰਦਾਰ ਵਜੋਂ ਵੀ ਸਨ ਅਤੇ ਸਰੀਰ ਵੱਲੋਂ ਵੀ। ਛੇ ਫੁਟ ਉੱਚਾ ਮਜ਼ਬੂਤ ਸਰੀਰ ਪੂਰੇ ਸੰਜਮ ਵਿੱਚ ਕਸਰਤ ਦਾ ਅਭਿਆਸੀ ਸੀ। ਜਵਾਨੀ ਵੇਲੇ ਦੀ ਇਕ ਗੱਲ ਹੈ।

ਇਕ ਪਿੰਡ ਦੇ ਜਵਾਨ ਕਿਸੇ ਦੀ ਪਰਵਾਹ ਨਹੀਂ ਸਨ ਕਰਦੇ। ਕੋਈ ਗਿਆਨ ਧਿਆਨ ਉਨ੍ਹਾਂ ਤੇ ਕਾਟ ਨਹੀਂ ਸੀ ਕਰਦਾ। ਸੰਤ ਗਿਆਨ ਸਿੰਘ ਆਪਣੇ ਸਾਥੀਆਂ ਨਾਲ ਬਾਹਰ ਨੂੰ ਗਏ ਤਾਂ ਅੱਗੇ ਜਵਾਨ ਇਕ ਵੱਡੇ ਸਾਰੇ ਪੱਥਰ ਨੂੰ ਚੁੱਕਣ ਦਾ ਯਤਨ ਕਰ ਰਹੇ ਸਨ। ਉਹ ਪੱਥਰ ਬਹੁਤ ਭਾਰਾ ਸੀ। ਕਿਸੇ ਜਵਾਨ ਨੇ ਟਿੱਚਰ ਕੀਤੀ। ਆਹ ਬਾਬੇ ਬਥੇਰਾ ਕੜਾਹ ਖਾਂਦੇ ਨੇ ਇਹ ਚੁਕਣਗੇ। ਸਾਰੇ ਹੱਸਣ ਲੱਗ ਪਏ। ਸੰਤਾਂ ਨੇ ਪੱਥਰ ਨੂੰ ਵੇਖਿਆ, ਟੋਹਿਆ ਅਤੇ ਜਵਾਨਾਂ ਦੀ ਹਾਸੀ ਦੇ ਵਿੱਚ ਵਿੱਚ ਹੀ

ਚੁੱਕ ਕੇ ਉਸ ਦਾ ਬਾਲਾ ਕੱਢ ਦਿੱਤਾ। ਸ਼ਾਮ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੀਵਾਨ ਵਿੱਚ ਉਹ ਸਾਰਾ ਨੌਜਵਾਨ ਜੱਥਾ ਹੁਮ ਹੁਮਾ ਕੇ ਪੁਜਿਆ ਅਤੇ ਇਕ ਦੂਜੇ ਨੂੰ ਦੱਸਣ ਵਾਸਤੇ ਉਂਗਲੀਆਂ ਦੇ ਇਸ਼ਾਰੇ ਕਰਨ "ਉਹ ਸੰਤ ਈ ਜਿਸ ਪੱਥਰ ਦਾ ਬਾਲਾ ਕੱਢ ਦਿੱਤਾ ਸੀ।"

ਕਿਸੇ ਨੂੰ ਕੀ ਪਤਾ ਸੀ ਕਿ ਇਸ ਯਤੀਮ ਬਾਲਕ ਨੂੰ ਸੰਗਤ ਕਿਡੇ ਵੱਡੇ ਮਹਾਂਪੁਰਖਾਂ ਦੀ ਮਿਲਣੀ ਹੈ। ਦੜਪ (ਸਿਆਲਕੋਟ) ਦੇ ਇਲਾਕੇ ਦੇ ਪ੍ਰਸਿੱਧ ਮਹਾਂਪੁਰਖ ਸੰਤ ਟਹਿਲ ਸਿੰਘ ਸੱਦੋਵਾਲੀਏ ਵੱਲੋਂ ਬਚਪਨ ਵਿੱਚ ਸੁਰੱਖਿਆ ਮਿਲੀ। ਜ਼ਮੀਨ ਵੀ ਵਾਪਸ ਮਿਲੀ। ਰਿਸ਼ਤੇਦਾਰ ਕੀਰਤਨ ਕਰਨ ਵਾਲੇ ਮਿਲੇ। ਬੜੇ-ਬੜੇ ਰਾਗੀਆਂ ਰਬਾਬੀਆਂ ਨਾਲ ਬਹਿਣ ਅਤੇ ਰਾਗ ਸਿੱਖਣ ਦਾ ਮੌਕਾ ਮਿਲਿਆ। ਤਬਲਾ ਜੋੜੀ, ਹਾਰਮੋਨੀਅਮ ਵਾਜਾ ਗਾਇਨ ਰਾਗ ਤਾਲ ਪੜਤਾਲ ਸਭ ਕੁਝ ਸਿੱਖਣ ਦਾ ਮੌਕਾ ਮਿਲਿਆ। ਮੌਕੇ ਤਾਂ ਬੜਿਆਂ ਨੂੰ ਮਿਲਦੇ ਹੰਨ, ਪਰ ਸਾਧਨਾ ਜੋ ਸੰਤਾ ਨੇ ਕੀਤੀ ਉਹ ਹੋਰਾਂ ਕੋਲੋਂ ਨਹੀਂ ਹੁੰਦੀ। ਪਾਠ ਕਰਨਾ ਅਖੰਡ ਪਾਠ ਕਰਨਾ ਬਾਣੀ ਦੇ ਅਰਥ ਭੇਦ ਅਤੇ ਭਾਵ ਸਮਝਣ ਦੀ ਮੁਹਾਰਤ ਹਾਸਲ ਕੀਤੀ। ਇਸ ਵੇਲੇ ਇਹ ਹਾਲਤ ਸੀ ਕਿ ਆਦਿ ਅਤੇ ਦਸਮ ਗ੍ਰੰਥ ਦੀ ਬਾਣੀ ਜਿਥੋਂ ਮਰਜ਼ੀ ਸ਼ੁਰੂ ਕਰਕੇ ਜ਼ਬਾਨੀ ਸੁਣਾ ਦਿੰਦੇ ਸਨ।

- ਭਾਈ ਗੁਰਦਾਸ, ਭਾਈ ਨੰਦ ਲਾਲ, ਭਾਈ ਸੰਤੋਖ ਸਿੰਘ ਤੇ ਹੋਰ ਕਵੀਆਂ ਦੀਆਂ ਰਚਨਾਵਾਂ, ਕਵਿਤਾਵਾਂ, ਗੀਤ, ਲੋਕ ਗੀਤ, ਗ਼ਜ਼ਲਾਂ ਆਪਣੇ ਮਜ਼ਮੂਨ ਦੀ ਪ੍ਰੋੜਤਾ ਵਿੱਚ ਸੁਣਾਉਂਦੇ ਵੀ ਅਤੇ ਗਾਉਂਦੇ ਵੀ।

ਗੁਰਬਾਣੀ ਉਨ੍ਹਾਂ ਦਾ ਆਧਾਰ ਸੀ। ਉਹ ਹਮੇਸ਼ਾ ਸ਼ਬਦ ਦੀ ਟੇਕ ਗੁਰਬਾਣੀ ਤੋਂ ਲੈਂਦੇ। ਹੱਲੇ ਦੇ ਦੀਵਾਨ ਵਿੱਚ ਜ਼ਰੂਰੀ ਨਹੀਂ ਹੁੰਦਾ। ਇਥੇ ਭਾਵੇਂ ਭਾਵ ਗੁਰਬਾਣੀ ਦਾ ਹੀ ਹੋਵੇ, ਪਰ ਲੋਕ ਧਾਰਨਾ ਵਿੱਚ ਹੁੰਦਾ ਹੈ। ਜਿਵੇਂ "ਮੈਂ ਬਹੁਤਿਆਂ ਔਗੁਣਾ ਵਾਲਾ ਦਵਾਰੇ ਤੇਰੇ ਆਣ ਡਿਗਿਆ", "ਮਨ ਲੋਚਦਾ ਪ੍ਰੀਤਮਾ ਮੇਰਾ ਤੇਰਿਆਂ ਦੀਦਾਰਿਆਂ ਨੂੰ" ਜਾਂ "ਡੁਬੀਆਂ ਤਰਾਉਣ ਵਾਲਿਆਂ ਮੇਰੀ ਨਈਆਂ ਕਿਨਾਰੇ ਲਾ ਦੇ" ਆਦਿ ਆਦਿ। ਪਰ ਜਥੇਦਾਰ ਗਿਆਨ ਸਿੰਘ ਇਨ੍ਹਾਂ ਲੋਕ ਧਾਰਨਾਵਾਂ ਦੀ ਕਦਰ ਕਰਦੇ, ਉਨ੍ਹਾਂ ਨੂੰ ਯਾਦ ਵੀ ਬਹੁਤ ਸਨ ਅਤੇ ਵਿੱਚ-ਵਿੱਚ ਕਾਮਯਾਬੀ ਨਾਲ ਵਰਤਦੇ ਵੀ ਸਨ, ਪਰ ਮੁਖ ਟੇਕ ਹਮੇਸ਼ਾ ਉਨ੍ਹਾਂ ਦੀ ਗੁਰਬਾਣੀ ਦੀ ਹੁੰਦੀ। ਜਿਵੇਂ—

ਸਾ ਸੇਵਾ ਕੀਤੀ ਸਫ਼ਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੈ॥

ਜਾਂ

ਸੁਨਿ ਮੀਤਾ ਨਾਨਕੁ ਬਿਨਵੰਤਾ॥
ਸਾਧ ਜਨਾ ਕੀ ਅਚਰਜ ਕਥਾ॥

ਕਈ ਵਾਰ ਉਹਨਾਂ ਦੀ ਟੇਕ ਉਹ ਤੁਕਾਂ ਹੁੰਦੀਆਂ ਜਿਨ੍ਹਾਂ ਬਾਰੇ ਆਮ ਆਦਮੀ ਸੋਚ ਵੀ ਨਹੀਂ ਸੀ ਸਕਦਾ ਅਤੇ ਬਾਦ ਵਿੱਚ ਇਸ ਦੀ ਵਿਆਖਿਆ ਵਿੱਚ ਮੁੜ ਉਹ ਗੁਰਬਾਣੀ ਦੇ ਮਹਾਂ ਸਾਗਰ ਵਿਚੋਂ ਪ੍ਰਮਾਣ ਤੇ ਪ੍ਰਮਾਣ ਦੇ ਕੇ ਆਪਣੇ ਮਜ਼ਮੂਨ ਦੀ ਪ੍ਰੋੜ੍ਹਤਾ ਕਰਕੇ। ਇਸ ਵੇਲੇ ਉਹ ਏਡੇ ਬਾਰੀਕ ਵੇਰਵੇ ਪੇਸ਼ ਕਰਦੇ। ਜਿਵੇਂ ਇਕ-ਇਕ ਕਰਕੇ ਪਿਆਜ਼ ਦਾ ਛਿਲਕਾ ਉਤਾਰੀਦਾ ਹੈ ਇਵੇਂ ਉਹ ਇਕ-ਇਕ ਗੂਹੜ ਰਹੱਸ ਦੱਸਦੇ-ਦੱਸਦੇ ਬਹੁਤ ਡੂੰਘੀਆਂ ਗੱਲਾਂ, ਭੇਦਾਂ ਨੂੰ ਬਹੁਤ ਹੀ ਸਾਦੇ ਸ਼ਬਦਾਂ ਵਿੱਚ ਬਿਆਨ ਕਰਦੇ ਅਤੇ ਨਾਲ-ਨਾਲ ਸਹਿਮਤੀ ਵਿੱਚ ਸਰੋਤਿਆਂ ਨੂੰ ਸਿਰ ਮਾਰਨ ਵਾਸਤੇ ਮਜਬੂਰ ਕਰ ਦਿੰਦੇ। ਉਹ ਸੰਨ ੧੯੮੪ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਇੰਗਲੈਂਡ ਦੇ ਹੋਲੇ ਤੇ ਗਏ। ਪੰਜਾਬੀ ਅਤੇ ਹਿੰਦੀ ਸਾਹਿਤ ਦੇ ਪ੍ਰਸਿੱਧ ਵਿਦਵਾਨ ਡਾ. ਹਰਿਭਜਨ ਸਿੰਘ ਜੀ ਵੀ ਗਏ ਸਨ। ਡਾਕਟਰ ਸਾਹਿਬ ਹਰ ਬੁਲਾਰੇ ਬਾਰੇ ਛੋਟੀ ਜਿਹੀ ਸਟੀਕ ਟਿੱਪਣੀ ਹੀ ਕਰਦੇ ਸਨ। ਜਿਵੇਂ ਪੰਡਤ ਗੋਪਾਲ ਸਿੰਘ ਜੀ ਦਾ ਦੀਵਾਨ ਸੁਣ ਕੇ ਕਹਿਣ ਲੱਗੇ, "ਭਈ ਬਹੁਤ ਵਿਦਵਾਨ ਹੈ!"

ਜਦੋਂ ਜਥੇਦਾਰ ਗਿਆਨ ਸਿੰਘ ਜੀ ਦਾ ਕੀਰਤਨ ਸੁਣਿਆ ਤਾਂ ਕਹਿਣ ਲੱਗੇ, "ਭਈ ਬਹੁਤ ਡੂੰਘਾ ਬੰਦਾ ਹੈ।" ਡੂੰਘੀਆਂ ਦਾਰਸ਼ਨਿਕ ਗੱਲਾਂ ਸੁਨਣ ਵਾਲਿਆਂ ਨੂੰ ਤਾਂ ਉਹ ਜ਼ਬਰਦਸਤ ਪ੍ਰਭਾਵਿਤ ਕਰਦੇ, ਪਰ ਆਮ ਲੋਕ ਵੀ ਘੰਟਿਆਂ ਬੱਧੀ ਉਨ੍ਹਾਂ ਨੂੰ ਸੁਣਦੇ ਰਹਿੰਦੇ।

ਜਲੰਧਰ ਦੇ ਕਰਾੜਖਾਂ ਮੁਹੱਲੇ ਦਾ ਜ਼ਿਕਰ ਹੈ— ਸੰਤ ਗਿਆਨ ਸਿੰਘ ਜੀ ਅੱਖਾਂ ਮੀਟ ਕੇ ਇਵੇਂ ਬਚਨ ਕਰੀ ਜਾ ਰਹੇ ਸਨ। ਗੁਰਬਾਣੀ ਦੇ ਪ੍ਰਮਾਣ, ਇਤਿਹਾਸ ਦੀਆਂ ਗਵਾਹੀਆਂ ਦਾ ਇਕ ਅਟੁੱਟ ਸਿਲਸਿਲਾ ਜਾਰੀ ਸੀ। ਉਨ੍ਹਾਂ ਦੀ ਹਰ ਗੱਲ ਤੇ ਲੋਕਾਂ ਦੇ ਸਿਰ ਹਿਲਦੇ। ਸਾਂਝੀ ਸੰਗਤ ਸੀ, ਹਰ ਤਰ੍ਹਾਂ ਦੇ ਵੇਸ ਅਤੇ ਸੰਪਰਦਾਈ ਵਿਚਾਰਾਂ ਵਾਲੇ ਲੋਕ ਸਨ। ਲੱਗ ਰਿਹਾ ਸੀ ਕਿ ਕੇਵਲ ਬੋਲਣ ਵਾਲਾ ਹੀ ਗਿਆਨ ਸਿੰਘ ਨਾਂਅ ਦਾ ਵਿਅਕਤੀ ਹੈ। ਗੱਲਾਂ ਤਾਂ ਧੁਰੋਂ ਆ ਰਹੀਆਂ ਸਨ। ਸੱਚ ਤਾਂ ਸਾਂਝਾ ਹੈ, ਗੁਰਬਾਣੀ ਵੀ ਸਾਂਝੀ ਹੈ। ਇਹ ਹੀ ਧੁਰ ਦੀਆਂ ਗੱਲਾਂ ਸਨ। ਦੀਵਾਨ ਵਿਚੋਂ ਝੰਗ ਦੀ ਪੰਜਾਬੀ ਵਿੱਚ ਇੱਕ ਆਵਾਜ਼ ਆਈ—"ਇਹ ਤਾਂ ਗੜ੍ਹਾ (ਘੜਾ) ਹੈ ਗੜ੍ਹਾ"— ਅਸੀਂ ਵੇਖਿਆ ਨੀਲੀ ਪੱਗ ਵਾਲਾ ਇਕ ਬਜ਼ੁਰਗ ਸਰਸ਼ਾਰ ਹੋਇਆ ਕਹਿ ਰਿਹਾ ਸੀ। ਦੂਜੇ ਪਲ ਹੀ ਉਹ ਕਹਿਣ ਲੱਗਾ— "ਘੜਾ ਨਹੀਂ ਨਲਕਾ ਹੈ।" ਸੰਤਾ ਨੇ ਅੱਖਾਂ ਖੋਲ੍ਹੀਆਂ ਅਤੇ ਉਹਦੇ ਵੱਲ ਵੇਖ ਕੇ ਆਖਿਆ, "ਹੁਣ ਤੁਸੀਂ ਗੱਲ ਸੰਭਾਲ ਗਏ ਹੋ... ਨਲਕੇ ਦਾ ਕੁਨੈਕਸ਼ਨ ਹੇਠਲੇ ਪਾਣੀ ਨਾਲ ਹੁੰਦਾ ਹੈ। ਇਸ ਵਾਸਤੇ ਉਹਦੇ ਚੋਂ ਪਾਣੀ ਆਈ ਜਾਂਦਾ ਹੈ, ਘੜੇ ਦਾ ਖਤਮ ਹੋ ਜਾਂਦਾ ਹੈ। ਬਿਜਲੀ ਦਾ ਬਲਬ ਛੋਟਾ ਜਿਹਾ ਹੁੰਦਾ ਹੈ। ਉਸ ਨੂੰ ਕਰੰਟ ਪਿਛੋਂ ਆਉਂਦੀ ਹੈ, ਉਹ ਜਗਦਾ ਹੈ ਰੌਸ਼ਨੀ ਕਰਦਾ ਹੈ। ਇਵੇਂ ਹੀ ਜਿਸ ਵਿਅਕਤੀ ਦਾ ਕੁਨੈਕਸ਼ਨ 'ਗੁਰੂ' ਨਾਲ ਹੈ, ਉਹ ਗੁਰ ਸਾਰੀ ਸ਼ਕਤੀ ਉਸ ਨੂੰ ਭੇਜਦਾ ਹੈ। ਧਰਤੀ ਹੇਠ ਪਾਣੀ ਸਭ ਥਾਈਂ ਰਮਿਆ ਹੈ, ਪਰ ਉਸ ਦੀ ਪ੍ਰਾਪਤੀ ਲਈ ਖੂਹ ਦੀ ਲੋੜ ਹੈ, ਨਲਕੇ ਦੀ ਲੋੜ ਹੈ। ਇਵੇਂ ਪਰਮੇਸ਼ਵਰ ਸਭ ਥਾਈਂ ਰਮਿਆ ਹੈ... ਉਹ ਰਮੱਈਆ ਰਾਮ ਹੈ, ਪਰ ਉਸ ਦੀ ਪ੍ਰਾਪਤੀ ਲਈ ਗੁਰੂ ਦੀ ਲੋੜ ਹੈ।" ਉਸ ਦਿਨ ਉਹਨਾਂ ਦੇ ਦੀਵਾਨ ਦਾ ਪ੍ਰਕਰਣ ਸੀ—

ਕਹੁ ਨਾਨਕ ਗੁਰ ਬਿਨੁ ਨਾਹੀ ਸੂਝੈ
ਹਰਿ ਸਾਜਨ ਸਭ ਕੈ ਨਿਕਟਿ ਖੜਾ॥

ਗੁਰੂ ਨਾਲ ਕੁਨੈਕਸ਼ਨ ਹੋਵੇ ਤਾਂ ਗੁੰਗੇ ਵੀ ਸ਼ਾਸਤਰਾਂ ਦੀ ਕਥਾ ਕਰ ਸਕਦੇ ਹਨ। ਜੇ ਗਹੁ ਨਾਲ ਵਿਚਾਰ ਕਰੀਏ ਤਾਂ ਇਸ ਗੱਲ ਵਿੱਚ ਕਿੱਡਾ ਵੱਡਾ ਸੱਚ ਛੁਪਿਆ ਹੈ। ਛੋਟੇ-ਛੋਟੇ ਬਲਬ ਜਿਨ੍ਹਾਂ ਦਾ ਕੁਨੈਕਸ਼ਨ ਪਿੱਛੇ ਪਾਵਰ ਹਾਊਸ ਨਾਲ ਹੈ ਅਤੇ ਸਵਿੱਚ ਚਾਲੂ ਹਨ, ਉਹ ਕਿਵੇਂ ਜਗਮਗਾਉਂਦੇ ਹਨ ਅਤੇ ਜੇ ਸਵਿੱਚ ਹੋਵੇ ਆਫ਼ ਜਾਂ ਕੁਨੈਕਸ਼ਨ ਕੱਟਿਆ ਹੋਵੇ ਤਾਂ ਵੱਡੇ-ਵੱਡੇ ਕਾਰਖਾਨੇ ਅਤੇ ਸ਼ਹਿਰਾਂ ਦੇ ਸ਼ਹਿਰ ਬੇਕਾਰ ਹੋ ਜਾਂਦੇ ਹਨ। ਗੁਰੂ ਨਾਲ ਅੰਦਰਲਾ ਸੰਬੰਧ ਸਾਧਾਰਨ ਵਿਅਕਤੀ ਦਾ ਹੈ ਤਾਂ ਉਹ ਜਗਮਗਾ ਉਠਦਾ ਹੈ। ਦੁਨੀਆਂ ਨੂੰ ਰੌਸ਼ਨੀ ਦਿੰਦਾ ਹੈ ਸ਼ਾਂਤੀ ਅਤੇ ਖ਼ੁਸ਼ੀ ਦਿੰਦਾ ਹੈ।... ਅਤੇ ਜੇ ਕੋਈ ਬਹੁਤ ਉੱਚੀ ਹਸਤੀ ਹੈ, ਪਰ ਆਪਣੇ ਗੁਰੂ ਨਾਲ ਕੁਨੈਕਸ਼ਨ ਨਹੀਂ ਤਾਂ ਉਹ ਆਪ ਵੀ ਕਲਹ-ਕਲੇਸ਼ ਵਿੱਚ ਰਹਿੰਦਾ ਹੈ ਅਤੇ ਦੂਸਰਿਆਂ ਨੂੰ ਵੀ ਦੁਖ, ਕ੍ਰੋਧ ਅਤੇ ਬਦਅਮਨੀ ਹੀ ਦੇਵੇਗਾ।

ਸੰਤ ਗਿਆਨ ਸਿੰਘ ਜੀ ਕਹਿੰਦੇ ਹੁੰਦੇ ਹਨ, "ਸਾਧੂ ਕਿਸੇ ਵੇਸ ਦਾ ਨਾਮ ਨਹੀਂ... ਉਹ ਪੱਗ ਕਿਹੋ ਜਿਹੀ ਬੰਨ੍ਹਦਾ ਹੈ, ਉਹ ਕਿਹੜੇ ਰੰਗ ਦੇ ਕੱਪੜੇ ਪਾਉਂਦਾ ਹੈ, ਉਹ ਕਿਹੜੀ ਬੋਲੀ ਵਿੱਚ ਗੱਲ ਕਰਦਾ ਹੈ? ਸਾਧੂ ਤਾਂ ਉਹ ਹੈ— ਜਿਸ ਦੇ ਕਰਮ ਨਿਰਮਲ ਹਨ, ਮੈਲ ਤੋਂ ਰਹਿਤ ਹਨ। ਹੋਰ ਸਾਧੂ ਟੱਲੀਆਂ ਵਾਲੇ ਤਾਂ ਨਹੀਂ ਹੁੰਦੇ।"

ਬਹੁਤ ਬਾਰੀਕ ਸੋਚਣ ਵਾਲੇ, ਅਧਿਐਨ ਕਰਨ ਵਾਲੇ ਸੰਤ ਗਿਆਨ ਸਿੰਘ ਸਨ। ਇਸੇ ਕਰਕੇ ਅਕਸਰ ਸਤਿਗੁਰਾਂ (ਸਤਿਗੁਰੂ ਜਗਜੀਤ ਸਿੰਘ ਜੀ) ਵੱਲੋਂ ਉਨ੍ਹਾਂ ਨੂੰ ਦੀਵਾਨ ਲਾਉਣ

ਲਈ ਵਿਸ਼ੇਸ਼ ਮਜ਼ਮੂਨ ਦਿੱਤੇ ਜਾਂਦੇ। ਗੁਰਬਾਣੀ ਵਿਚੋਂ ਖ਼ਾਸ ਤੌਰ ਤੇ ਪ੍ਰਮਾਣ ਲੱਭ-ਲੱਭ ਕੇ ਅਣਛੋਹੇ ਅਤੇ ਦੱਸੇ ਵਿਸ਼ਿਆਂ ਉੱਪਰ ਸੰਤ ਦੀਵਾਨ ਸਜਾਉਂਦੇ। ਇਹਨਾਂ ਗੂਹੜ ਅਤੇ ਬਾਰੀਕ ਬਾਤਾਂ ਨੂੰ ਉਹ ਆਮ ਜਨਤਾ ਦੀ ਬੋਲੀ ਵਿੱਚ ਸਾਦੇ ਢੰਗ ਨਾਲ ਪੇਸ਼ ਕਰਦੇ।

ਉਹ ਰਾਗੀਆਂ ਨਾਲ ਆਸਾ ਦੀ ਵਾਰ ਦਾ ਕੀਰਤਨ ਅਤੇ ਹੋਰ ਸ਼ਬਦ ਕੀਰਤਨ ਵੀ ਕਰ ਲੈਂਦੇ। ਆਪਣੇ ਪੱਕੇ ਸਾਥੀ ਅਤੇ ਭਾਣਜੇ ਜਥੇਦਾਰ ਦਾਨ ਸਿੰਘ ਨਾਲ ਦੋਵੇਂ ਜਣੇ ਵੀ ਭਰਪੂਰ ਕੀਰਤਨ ਕਰ ਲੈਂਦੇ, ਕਿਉਂਕਿ ਉਦੋਂ ਉਹ ਪ੍ਰਵਚਨ ਪ੍ਰਧਾਨ ਕੀਰਤਨ ਕਰਕੇ ਅਤੇ ਢੋਲਕ ਛੈਣਿਆਂ ਨਾਲ ਹੱਲੇ ਦੇ ਦੀਵਾਨ ਵਿੱਚ ਵੀ ਉਹ ਕਸਰਾਂ ਕੱਢ ਛੱਡਦੇ। ਪਹਿਲੀ ਪ੍ਰਕਾਰ ਵਿੱਚ ਉਨ੍ਹਾਂ ਦਾ ਪ੍ਰਭਾਵ ਨਿਮ੍ਹੀ ਨਿਮ੍ਹੀ ਫੁਹਾਰ ਵਰਗੀ ਕਿਣਮਿਣ ਦਾ ਹੁੰਦਾ ਅਤੇ ਭਰਪੂਰ ਹੱਲੇ ਦੇ ਦੀਵਾਨ ਵਿੱਚ ਮੂਸਲਾਧਾਰ ਮੀਂਹ ਵਰਗਾ।

ਔਰੰਗਾਬਾਦ ਵਿੱਚ ਇੱਕ ਸੰਗੀਤ ਸੰਮੇਲਨ ਸੀ ਜਿਸ ਦੇ ਕਰਤਾ-ਧਰਤਾ ਪ੍ਰਸਿੱਧ ਸੰਗੀਤਾਚਾਰਯ ਨਾਥ ਨੇਰਲਕਰ ਸਨ। ਕਿਸੇ ਕਾਰਨ ਉਦਘਾਟਨ ਵਾਸਤੇ ਸਤਿਗੁਰੂ ਜਗਜੀਤ ਸਿੰਘ ਜੀ ਨਾ ਪੁੱਜ ਸਕੇ। ਪ੍ਰਬੰਧਕਾਂ ਵੱਲੋਂ ਹਜ਼ੂਰ ਸਾਹਿਬ ਨੰਦੇੜ ਦੇ ਕਾਲਿਜ ਦੇ ਪ੍ਰਿੰਸੀਪਲ ਸਾਹਿਬ ਨੂੰ ਸੱਦਿਆ ਗਿਆ। ਭਾਣਾ ਰੱਬ ਦਾ ਪ੍ਰਿੰਸੀਪਲ ਸਾਹਿਬ ਸਟੇਜ ਤੇ ਆ ਕੇ ਯਕਦਮ ਬੀਮਾਰ ਹੋ ਗਏ ਤੇ ਚੜ੍ਹਾਈ ਕਰ ਗਏ। ਸਭਾ ਅਗਲੇ ਦਿਨ ਤੇ ਪੈ ਗਈ। ਹੁਣ ਉਦਘਾਟਨ ਕਰਨ ਦੀ ਰਸਮ ਜਥੇਦਾਰ ਗਿਆਨ ਸਿੰਘ ਜੀ ਨੂੰ ਸੌਂਪੀ ਗਈ। ਉਨ੍ਹਾਂ ਪਹਿਲਾਂ ਦੀਪਕ ਜਗਾਇਆ ਅਤੇ ਫੇਰ ਰਾਗ ਬਸੰਤ ਵਿੱਚ ਇੱਕ ਪੜਤਾਲ ਗਾਈ। ਦਰਸ਼ਕਾਂ ਨੇ ਇਕ ਸਾਧਾਰਨ ਜਿਹੇ ਦਿੱਸਦੇ ਪੰਜਾਬੀ ਕਿਸਾਨ ਕੋਲੋਂ ਸ਼ਾਸਤਰੀ ਸੰਗੀਤ ਦੀ ਇਕ ਪੁਰਾਤਨ ਅਤੇ ਦੁਰਲਭ ਚੀਜ਼ ਸੁਣ ਕੇ ਤਨੋ-ਮਨੋ ਵਾਹ-ਵਾਹ ਕੀਤੀ ਅਤੇ ਗੜਗੱਜ ਹੱਲੇ ਦੇ ਦੀਵਾਨ ਜੋ ਕਿ ਨਾਮਧਾਰੀ ਸਮਾਜ ਦੀ ਵਿਸ਼ੇਸ਼ ਏਕਾਧਿਕਾਰ ਸ਼ੈਲੀ ਹੈ, ਉਸ ਵਿੱਚ ਵੀ ਆਪ ਉੱਪਰ ਤੋਂ ਉੱਪਰ ਹੀ ਗਏ। ਆਪ ਦੇ ਦੀਵਾਨ ਵਿੱਚ ਦੀਵਾਨ ਦੇ ਵਜੰਤਰੀ ਢੋਲਕ-ਛੈਣਿਆਂ ਅਤੇ ਗਾਉਣ ਵਾਲੇ ਵੀ ਹੁੰਮਹੁੰਮਾਕੇ ਪੁਜਦੇ ਅਤੇ ਸੁਣਨ ਵਾਲੇ ਵੀ। ਅਨੇਕਾਂ ਹੀ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ। ਉਨ੍ਹਾਂ ਵਿਰਕ ਟੱਪੇ ਵਿੱਚ ਇਕੋ ਹੀ ਮਜ਼ਮੂਨ ਤੇ ਅੱਠ ਘੰਟੇ ਦੀਵਾਨ ਲਾਇਆ ਸੀ। ਹੋਲਿਆਂ-ਮੁਹੱਲਿਆਂ ਅਤੇ ਜਪ ਪਰਯੋਗਾਂ ਦੇ ਦੀਵਾਨਾਂ ਦੀਆਂ ਭਰੀਆਂ ਕੈਸਟਾਂ ਘਰ-ਘਰ ਵੱਜਦੀਆਂ ਹਨ, ਇਹ ਇੱਕ ਲੰਮਾ ਸਿਲਸਿਲਾ ਹੈ ਜ਼ਿੰਦਗੀ ਜਿਹਾ ਲੰਬਾ। ਪਰ ਇਕ ਹੋਲੇ ਦੇ ਦੀਵਾਨ ਦੀ ਮਿਸਾਲ ਜ਼ਰੂਰ ਦੇਣੀ ਚਾਹਾਂਗੇ—ਇਹ ਸੀ ਯੂ.ਪੀ. ਵਿੱਚ ਗੋਲਾ ਗੋਕਰਨਨਾਥ ਦਾ ਹੋਲਾ। ਸੰਨ ੧੯੯੨ ਵਿੱਚ ਹੋਏ ਇਸ ਹੋਲੇ ਤੇ ਨਾਮਧਾਰੀ ਦਰਬਾਰ ਵੱਲੋਂ ਵਿਸ਼ੇਸ਼ ਰੇਲ ਗੱਡੀ ਵੀ ਲੁਧਿਆਣਾ ਤੋਂ ਗਈ ਸੀ।

ਯੂ.ਪੀ. ਦੇ ਇਸ ਪੰਜਾਬੀ ਵਸੋਂ ਵਾਲੇ ਸ਼ਹਿਰ ਵਿੱਚ ਰਾਤ ਨੂੰ ਜਥੇਦਾਰ ਗਿਆਨ ਸਿੰਘ ਜੀ ਨੂੰ ਸਮਾਂ ਮਿਲਿਆ। ਪੱਚੀ ਤੀਹ ਹਜ਼ਾਰ ਦੀ ਹਾਜ਼ਰੀ ਵਿੱਚ ਗੈਰ-ਸਿੱਖ ਸਰੋਤਿਆਂ ਦੀ ਸੀ। ਨਾਮਧਾਰੀ ਸੰਗਤਾਂ ਤਾਂ ਉਚੇਚਿਆਂ ਗਈਆਂ ਹੀ ਸਨ। ਬਾਕੀ ਨਜ਼ਾਰਾ ਵੇਖਣ ਵਾਲੇ ਬੇਅੰਤ ਹੋਰ ਲੋਕ ਸਨ। ਦੂਰ-ਦੂਰ ਤੱਕ ਸੰਗਤਾਂ ਬੈਠੀਆਂ ਸਨ। ਉਸ ਤੋਂ ਪਰੇ ਲੋਕ ਖੜ੍ਹੇ ਸਨ। ਪੰਜ ਫੁੱਟ ਉੱਚਾ ਸਟੇਜ ਸੀ। ਡੇਢ ਕੁ ਸੌ ਦਾ ਜਥਾ ਸਾਜ਼ ਵਜਾਉਣ ਅਤੇ ਸ਼ਬਦ ਗਾਉਣ ਵਾਲਾ ਸੀ। ਗੁਰਮੁਖ ਸਿੰਘ ਸੰਤ ਨਗਰ ਵਰਗਾ ਢੋਲਕ ਦਾ ਉਸਤਾਦ ਵਜੰਤਰੀ ਢੋਲਕ ਉੱਤੇ ਉਣਤ-ਬੁਣਤ ਕਰਦਾ ਗੂੰਜਾਂ ਪਾ ਰਿਹਾ ਸੀ। ਸੰਤਾਂ ਦਾ ਭਾਣਜਾ ਜਥੇਦਾਰ ਦਾਨ ਸਿੰਘ ਵੀ ਹੋਰ ਢੋਲਕ ਨਾਲ ਸੀ। ਬਲੀ ਸਿੰਘ ਜਿਹਾ ਸਿਧ-ਹਸਤ ਕਲਾਕਾਰ ਹਾਰਮੋਨੀਅਮ ਤੇ ਬਦਲ-ਬਦਲ ਕੇ ਨਗ਼ਮੇ ਵਜਾ ਰਿਹਾ ਸੀ। ਵੀਡੀਓ ਅਤੇ ਫਲੈਸ਼ ਰੌਸ਼ਨੀਆਂ ਨਾਲ ਸੰਤ ਗਿਆਨ ਸਿੰਘ ਜੀ ਦਾ ਨੂਰਾਨੀ ਮੁੱਖ ਹੋਰ ਵੀ ਜਲਾਲੀ ਹੋਇਆ ਪਿਆ ਸੀ। ਸੰਤਾਂ ਦੇ ਦੀਵਾਨ ਦੀ ਟੇਕ ਸੀ— "ਦੁਨੀਆਂ ਜੰਗਲ ਫੇਰ ਹਰਾ"। ਇਹ

ਪ੍ਰਸਿੱਧ ਨਾਮਧਾਰੀ ਇਤਿਹਾਸਕਾਰ ਕਵੀ ਸੰਤ ਧਿਆਨ ਸਿੰਘ ਹੋਰਾਂ ਦੀ ਇਕ ਰਚਨਾ, ਜਿਸ ਵਿੱਚ ਉਹ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਸੰਮਤ ੧੯੨੩ ਜਾ ਸੰਨ ੧੯੬੭ ਵਿੱਚ ਕੀਤੇ ਹੋਲੇ ਦਾ ਵਰਨਣ ਕਰਦੇ ਹਨ. ਦੀ ਇਕ ਤੁਕ ਹੈ। ਸੰਤਾਂ ਦਾ ਮਜ਼ਮੂਨ ਸਤਿਜੁਗ ਦੇ ਪ੍ਰਹਿਲਾਦ ਤੋਂ ਲੈ ਕੇ ਸਤਿਗੁਰੂ ਜਗਜੀਤ ਸਿਘ ਜੀ ਤੱਕ ਫੈਲਿਆ ਹੋਇਆ ਸੀ ਅਤੇ ਉਨ੍ਹਾਂ ਦੇ ਗਾਇਣ ਦੀ ਸੁਰ ਸਭ ਸਪਤਕਾਂ ਪਾਰ ਕਰ ਰਹੀ ਸੀ। ਅੰਤਰੇ ਵਿਚੋਂ ਹਰ ਅੰਤਰਾ ਨਿਕਲਕੇ ਸੁਰ ਉੱਪਰ ਜਾਂਦੀ ਅਤੇ ਵਾਪਸੀ ਤੇ ਉਤਰਦੀ ਸਥਾਈ ਤੱਕ ਆਉਂਦੀ। ਜਥੇ ਦੀ ਆਵਾਜ਼ ਦੀ ਗੂੰਜ ਨਾਲ ਤਰਾਈ ਦਾ ਇਲਾਕਾ ਥਿਰਕ ਰਿਹਾ ਸੀ— (ਅਜ) "ਦੁਨੀਆ ਜੰਗਲ ਫੇਰ ਹਰਾ.."। ਢੋਲਕ ਛੈਣਿਆਂ ਦੀ ਛਹਿਬਰ ਵਿੱਚ ਮਸਤਾਨੇ ਲੋਟਪੋਟ ਹੋ ਰਹੇ ਸਨ। ਇਸੇ ਹੀ ਪ੍ਰਸੰਗ ਵਿੱਚ ਸੰਤ ਪ੍ਰਮਾਣ ਦੇ ਰਹੇ ਸਨ— "ਕਹੂੰ ਜਪ ਗੁਰਮੰਤੇ, ਉਚ ਕਟੰਤੇ, ਸ਼ਬਦ ਸੁਨੰਤੇ, ਕੰਨ ਗੁਰੂ॥ ਕਹੂੰ ਢੋਲਕ ਬਾਜਤ ਛੈਣੇ ਛਾਜਤ, ਧਰਮ ਸੁ ਗਾਜਤ ਧੰਨ ਗੁਰੂ॥ ਹਵੈ ਹੈ ਮਸਤਾਨੇ ਨਚਤ ਦਿਵਾਨੇ, ਲਾਜ ਲੁਭਾਨੇ ਪ੍ਰੇਮ ਬਸੀ॥ ਸਭ ਲਾਲੋ ਲਾਲੇ ਗਿਰਦ ਗੋਪਾਲੇ, ਬਹੁ ਖ਼ੁਸ਼ਹਾਲੀ ਨੇਮ ਵਸੀ॥"

ਗੱਲ ਤਾਂ ਅੱਗੇ ਹੀ ਘੱਟ ਨਹੀਂ ਸੀ, ਪਰ ਜਦੋਂ ਮਾਛੀਵਾੜੇ ਦੇ ਜੰਗਲ ਵਿੱਚ ਉਚਾਰਿਆ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਬਦ "ਮਿੱਤਰ ਪਿਆਰੇ ਨੂੰ ਹਾਲ ਫ਼ਕੀਰਾ ਦਾ ਕਹਿਣਾ" ਦਰਦ ਫ਼ਿਰਾਕ ਨਾਲ ਪੜ੍ਹਿਆ, ਤਾਂ ਸਭ ਸੰਗਤ ਹਾਲੋਂ-ਬੇਹਾਲ ਹੋ ਗਈ। ਪੰਜਾਬ 'ਤੇ ਅੰਗਰੇਜ਼ਾਂ ਦੇ ਕਬਜ਼ੇ ਬਾਅਦ ਦਾ ਦ੍ਰਿਸ਼ ਉਨ੍ਹਾਂ ਮਿਰਜ਼ੇ ਦੀ ਤਰਜ਼ ਤੇ ਬਿਆਨ ਕਰਕੇ ਮਨ ਪਿਘਲਾ ਦਿੱਤੇ—

ਜਦ ਲਾਹਿਆ ਸ਼ਾਹੀ ਕਿਲ੍ਹੇ ਤੋਂ
ਸਿੱਖਾ ਸ਼ਾਹੀ ਨਿਸ਼ਾਨ
ਦਿੱਤੀ ਸਲਾਮੀ ਸਿੰਘਾਂ ਨੇ
ਝੁੱਕ ਕੇ ਵਾਂਗ ਕਮਾਨ

ਬਹੁ[illegible]ਨਾਮਈ ਮਾਹੌਲ ਸੀ ਦੀਵਾਨ ਦਾ। ਫਿਰ ਸਤਿਗੁਰੂ ਰਾਮ ਸਿੰਘ ਦੀ ਚੜ੍ਹਤ ਦਾ ਪ੍ਰਸੰਗ ਸੁਣਾ[illegible] ਉਹਨਾਂ ਦੇ ਪ੍ਰਦੇਸ਼ ਜਾਣ ਦਾ ਦਰਦ, ਉਹਨਾਂ ਪੰਜਾਬੀ ਦੇ ਇਕ ਟੱਪੇ ਰਾਹੀਂ ਪ੍ਰਗਟਾਇਆ। ਜਦੋਂ ਉਹਨਾਂ 'ਮਾਹੀਏ' ਦੀ ਤਰਜ ਤੇ ਪੜ੍ਹਿਆ— "ਲੋਕਾਂ ਦੀਆਂ ਰੋਣ ਅੱਖੀਆਂ, ਸਾਡਾ ਰੋਂਦਾ ਈ ਦਿਲ ਮਾਹੀਆ।" ਉਸ ਸਮੇਂ ਸਭ ਦੀਆਂ ਅੱਖਾਂ ਅਤੇ ਦਿਲ ਸੱਚਮੁੱਚ ਰੋ ਰਹੇ ਸਨ।

ਅੱਜ ਜਦੋਂ ਸੰਤਾ ਨੂੰ ਯਾਦ ਕਰਦਿਆਂ ਇਹ ਸਤਰਾਂ ਲਿਖ ਰਿਹਾ ਹਾਂ ਤਾਂ ਮਨ ਦੀ ਅਵਸਥਾ ਵੀ ਇਹੀ ਹੈ—

ਲੋਕਾਂ ਦੀਆਂ ਰੋਣ ਅੱਖੀਆਂ
ਸਾਡਾ ਰੋਂਦਾ ਈ ਦਿਲ ਮਾਹੀਆ।

ਜਥੇਦਾਰ ਗਿਆਨ ਸਿੰਘ ਹੁਰਾਂ ਦੀ ਇਕ ਹੋਰ ਵੀ ਦੇਣ ਹੈ ਜੋ ਉਹਨਾਂ ਆਪਣੇ ਗਿਆਨ ਦੇ ਦੀਪਕ ਤੋਂ ਹੋਰ ਦੀਪਕ ਵੀ ਪ੍ਰਵਜਲਤ ਕੀਤੇ।

ਜਥੇਦਾਰ ਗਿਆਨ ਸਿੰਘ ਹੋਰਾਂ ਦੇ ਭਾਣਜੇ ਜਥੇਦਾਰ ਦਾਨ ਸਿੰਘ ਜੀ ਬਹੁਤ ਸੋਹਣੇ ਹੱਸਮੁਖ ਜਵਾਨ ਵਿਅਕਤੀ ਸਨ। ਮਿੱਠ-ਬੋਲੜੇ, ਮਿਲਣਸਾਰ ਅਤੇ ਘੁਲਮਿਲ ਜਾਣ ਵਾਲੇ। ਉਹ ਹਾਰਮੋਨੀਅਮ ਅਤੇ ਢੋਲਕ ਦੇ ਵੀ ਬਹੁਤ ਕੁਸ਼ਲ ਵਾਦਕ ਸਨ। ਬਹੁਤ ਸਾਰੀਆਂ ਗੀਤਾਂ ਅਤੇ ਤਰਜ਼ਾਂ ਉਨ੍ਹਾਂ ਨੂੰ ਯਾਦ ਸਨ। ਸਾਡੇ ਘਰ ਅਖੰਡ ਪਾਠ ਹੋਇਆ ਤਾਂ ਜਦੋਂ ਸੰਤ ਦਾਨ ਸਿੰਘ ਜੀ ਨੇ ਪਾਠ ਦੀ ਰੌਲ ਲਾਉਣੀ ਤਾਂ ਦੂਰੋਂ-ਦੂਰੋਂ ਸੁਣਨ ਵਾਲਿਆਂ ਨੇ ਉਚੇਚਿਆਂ ਆਉਣਾ। ਸੰਤ ਗਿਆਨ ਸਿੰਘ ਜੀ ਅਤੇ ਦਾਨ ਸਿੰਘ ਦੀ ਜੋੜੀ ਪੱਕੀ ਸੀ ਅਤੇ ਕਦੇ ਤੀਸਰਾ ਸਾਥੀ ਵੀ ਹੁੰਦਾ ਸੀ।

ਸੰਤ ਗਿਆਨ ਸਿੰਘ ਹੋਰਾਂ ਦੇ ਭਤੀਜੇ ਜਥੇਦਾਰ ਅਜੈਬ ਸਿੰਘ ਜੀ ਅੱਜ-ਕੱਲ੍ਹ ਵੱਖਰੀ

ਸਨਮਾਨਯੋਗ ਹਸਤੀ ਦੇ ਸੁਆਮੀ ਹਨ। ਭਾਰੀ ਅਤੇ ਭਰਵੀਂ ਆਵਾਜ਼ ਅਤੇ ਸਰੀਰ ਦੇ ਸੁਆਮੀ, ਵਾਇਲਨ, ਹਾਰਮੋਨੀਅਮ, ਤਬਲਾ ਆਦਿਕ ਸਾਜ਼ਾਂ ਦੇ ਵਜੰਤਰੀ ਹਨ। ਰਾਗਾਂ, ਲੋਕ ਧੁਨਾਂ, ਗੀਤਾਂ ਅਤੇ ਹੱਲੇ ਦੇ ਦੀਵਾਨਾਂ ਦੇ ਗਾਇਕ। ਲੰਮਾ ਸਮਾਂ ਆਪ ਸੰਤ ਗਿਆਨ ਸਿੰਘ ਜੀ ਨਾਲ ਰਹੇ ਅਤੇ ਸੰਤਾਂ ਨੂੰ ਆਪਣਾ ਉਸਤਾਦ ਮੰਨਦੇ ਹਨ।

ਜਥੇਦਾਰ ਸੂਬਾ ਅਜੀਤ ਸਿੰਘ ਬਟਾਲਾ, ਜਥੇਦਾਰ ਸੁਖਦਰਸ਼ਨ ਸਿੰਘ ਅਮਰਾਸਰ, ਜਥੇਦਾਰ ਇਕਬਾਲ ਸਿੰਘ ਜੌਹਲ ਅਤੇ ਹੋਰ ਬਹੁਤ ਸਾਰੇ ਕੀਰਤਨ ਕਰਨ ਵਾਲਿਆਂ ਨੂੰ ਜਥੇਦਾਰ ਗਿਆਨ ਸਿੰਘ ਵੀਰੋਕੇ ਵਾਲਿਆਂ ਨੇ ਮਾਰਗ-ਦਰਸ਼ਨ ਦਿੱਤਾ। ਉਹ ਪਰਿਵਰਤਨ ਦੀ ਗੱਲ ਕਰਦੇ ਹੁੰਦੇ ਸਨ। ਹੁਣ ਸ਼ਾਇਦ ਉਨ੍ਹਾਂ ਦੀ ਪ੍ਰਤਿਭਾ ਅਤੇ ਗੁਣਾਂ ਦਾ ਪਰਿਵਰਤਨ ਇਨ੍ਹਾਂ ਨਵੇਂ ਜਥੇਦਾਰਾਂ ਵਿੱਚ ਹੋ ਗਿਆ ਹੈ। ਅਸੀਂ ਇਨ੍ਹਾਂ ਵਿਚੋਂ ਜਥੇਦਾਰ ਗਿਆਨ ਸਿੰਘ ਹੋਰਾਂ ਨੂੰ ਸੁਣਿਆਂ ਕਰਾਂਗੇ। ਸਾਨੂੰ ਤਸੱਲੀ ਹੈ ਕਿ ਉਨ੍ਹਾਂ ਦਾ ਸਪੁੱਤਰ ਗੁਰਬਚਨ ਸਿੰਘ ਵੀ ਆਪਣੇ ਪਿਤਾ ਦੇ ਕਦਮਾਂ ਤੇ ਹੀ ਹੈ।

ਸੰਤ ਜੀ ਫ਼ਰੀਦ ਜੀ ਦਾ ਇੱਕ ਸਲੋਕ ਬਹੁਤ ਪ੍ਰੇਮ ਨਾਲ ਪੜ੍ਹਦੇ ਹੁੰਦੇ ਸਨ—

ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ॥
ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥

ਅਸੀਂ ਉਹਨਾਂ ਨਾਲ ਦੇਸ਼ ਵਿੱਚ ਵੀ ਅਤੇ ਵਿਦੇਸ਼ ਵਿੱਚ ਵੀ ਸਫ਼ਰ ਕਰਕੇ ਵੇਖਿਆ ਹੈ। ਇਕ ਝੋਲਾ ਅਤੇ ਇਕ ਚਾਦਰ ਉਹਨਾਂ ਕੋਲ ਹੋਣੀ—ਜਾਣ ਵੇਲੇ ਵੀ ਆਉਣ ਵੇਲੇ ਵੀ। ਕਦੇ ਇਸ਼ਾਰੇ ਨਾਲ ਵੀ ਕੋਈ ਚੀਜ਼ ਮੰਗਦੇ ਜਾਂ ਪ੍ਰਾਪਤ ਕਰਦਿਆਂ ਅਸੀਂ ਨਹੀਂ ਵੇਖਿਆ। ਉਹ ਸਾਬਰ ਪੁਰਸ਼ ਸਨ। ਇਕ ਛੋਟਾ ਜਿਹਾ ਲੇਖ ਉਹਨਾਂ ਦੀ ਸ਼ਖ਼ਸੀਅਤ ਨਾਲ ਇਨਸਾਫ਼ ਨਹੀਂ ਕਰ ਸਕਦਾ।

ਸੰਤ ਗਿਆਨ ਸਿੰਘ ਹੋਰਾਂ ਦਾ ਅੰਦਰਲਾ 'ਕੁਨੈਕਸ਼ਨ' ਸਦਾ ਸਤਿਗੁਰਾਂ ਨਾਲ ਜੁੜਿਆ ਰਿਹਾ। ਸਤਿਗੁਰੂ ਜਗਜੀਤ ਸਿੰਘ ਜੀ ਉਹਨਾਂ ਨੂੰ ਉਨ੍ਹਾਂ ਦੇ ਪਿੰਡ ਬਹਾਦਰ ਸੈਨ (ਨੇੜੇ ਬਟਾਲਾ) ਤੋਂ ਸ੍ਰੀ ਭੈਣੀ ਸਾਹਿਬ ਲੈ ਆਏ ਅਤੇ ਉਨ੍ਹਾਂ ਦੀ ਦੇਖਭਾਲ ਵੀ ਕੀਤੀ ਅਤੇ ਅਸੀਮ ਪਿਆਰ ਵੀ ਦਿੱਤਾ। ਸਤਿਗੁਰੂ ਜੀ ਨੇ ਇਕ ਸਮੇਂ ਕਿਹਾ, "ਕੋਈ ਆਪਣੇ ਮਿੱਤਰ ਨੂੰ ਤੋਹਫ਼ਾ ਦਿੰਦਾ ਹੈ ਟੇਪ-ਰਿਕਾਰਡਰ ਦਾ ਜਾਂ ਕੋਈ ਹੋਰ... ਮੈਂ ਜਥੇਦਾਰ ਜੀ ਨੂੰ ਸੂਬਾ ਹਰਬੰਸ ਸਿੰਘ ਦਿੱਤਾ ਹੈ।"

ਸੂਬਾ ਹਰਬੰਸ ਸਿੰਘ ਜੀ ਦੋਸ਼ੀ ਲਖਨਊ ਔਰੰਗਾਬਾਦ ਅਤੇ ਨਾਦੇੜ ਦੇ ਸਫ਼ਲ ਕਾਰੋਬਾਰੀ ਹਨ। ਵਿਦਵਾਨ ਹਨ ਅਤੇ ਸਾਧਨਾ ਵਾਲੇ ਵਿਅਕਤੀ ਹਨ। ਨਾਮਧਾਰੀ ਸਮਾਜ ਵਿੱਚ ਆਦਰਯੋਗ ਥਾਂ ਰੱਖਦੇ ਹਨ। ਉਹ ਨਾਦੇੜ ਛੱਡ ਕੇ ਸੰਤਾਂ ਦੇ ਨਾਲ ਹੀ ਰਹਿੰਦੇ ਰਹੇ ਅਤੇ ਅੰਤ ਸਮੇਂ ਤੱਕ ਵੀ ਨਾਲ ਹੀ ਰਹੇ।

ਸੰਤਾਂ ਦੇ ਚੜ੍ਹਾਈ ਕਰ ਜਾਣ ਤੇ ਲਗਾਤਾਰ ਕੀਰਤਨ ਹੁੰਦਾ ਰਿਹਾ। ਉਹਨਾਂ ਦੀ ਧੀ ਅਤੇ ਦਾਮਾਦ ਜਸਵਿੰਦਰ ਸਿੰਘ ਦੇ ਘਰ ਸ੍ਰੀ ਭੈਣੀ ਸਾਹਿਬ ਵਿਖੇ। ਅੰਤਲੇ ਸਫ਼ਰ ਤੇ ਸਮੂਹ ਜਥੇਦਾਰ ਸ਼ਬਦ ਪੜ੍ਹਦੇ ਗਏ ਅਤੇ ਬਹੁਤ ਸ਼ਾਨ ਤੇ ਸਨਮਾਨ ਨਾਲ ਸਸਕਾਰ ਕੀਤਾ ਗਿਆ। ਇਹ ਸਭ ਅੰਦਰਲੇ ਕੁਨੈਕਸ਼ਨ ਕਰਕੇ ਹੀ ਸੀ।

—ਜਗਦੀਸ਼ ਸਿੰਘ

(ਵਰਿਆਮ : ਸਤੰਬਰ-ਅਕਤੂਬਰ ੧੯੯੯ ਅੰਕ ਵਿਚੋਂ)

-0-

ਸੰਤ ਗਿਆਨ ਸਿੰਘ ਵੀਰੋਕੇ ਨਮਿੱਤ ਮੇਲਾ

ਹਰਿ ਕੇ ਸੇਵਕ ਜੋ ਹਰਿ ਭਾਏ
ਤਿਨ ਕੀ ਕਥਾ ਨਿਰਾਰੀ ਰੇ॥

ਜਥੇਦਾਰ ਸੰਤ ਗਿਆਨ ਸਿੰਘ ਜੀ ਵੀਰੋਕੇ ਮਿਤੀ ੧੭ ਸਤੰਬਰ ੧੯੯੮ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਆਪਣੇ ਸਵਾਸ ਪੂਰੇ ਕਰ ਗਏ। ਅੰਤਮ ਦਿਨਾਂ ਵਿੱਚ ਸ੍ਰੀ ਸਤਿਗੁਰੂ ਜੀ ਉਨ੍ਹਾਂ ਨੂੰ ਨਿਵਾਸ ਪਿੰਡ ਬਹਾਦਰ ਸੈਨ (ਬਟਾਲਾ) ਤੋਂ ਸ੍ਰੀ ਭੈਣੀ ਸਾਹਿਬ ਲੈ ਆਏ ਸਨ। ਇਥੇ ਕਾਫ਼ੀ ਠੀਕ ਰਹੇ, ਬਚਨ ਬਲਾਸ ਚੰਗੇ ਭਲੇ ਕਰਦੇ ਰਹੇ। ਅੰਤਲੇ ਦਿਨਾਂ ਵਿੱਚ ਆਪ ਨੂੰ ਜ਼ਿਆਦਾ ਤਕਲੀਫ਼ ਹੋਈ ਤੇ ਲੁਧਿਆਣਾ ਹਸਪਤਾਲ ਵਿੱਚ ਆਕਸੀਜਨ ਦੇ ਆਸਰੇ ਰਹੇ। ਭਾਵੇਂ ਇਹ ਹੀ ਅਨੁਮਾਨ ਸੀ ਕਿ ਆਕਸੀਜਨ ਦੇ ਉਤਰਦਿਆਂ ਹੀ ਆਪ ਸੁਆਸ ਛੱਡ ਜਾਣਗੇ ਪਰ ਸ੍ਰੀ ਭੈਣੀ ਸਾਹਿਬ ਵੀ ਆ ਕੇ ਆਪ ਦੇ ਸੁਆਸ ਚਲਦੇ ਰਹੇ ਅਤੇ ਆਪ ਅੱਖਾਂ ਦੁਆਰਾਂ ਪਰਿਵਾਰ ਨੂੰ ਦੇਖਦੇ ਰਹੇ। ਸ੍ਰੀ ਭੈਣੀ ਸਾਹਿਬ ਵਿੱਚ ਆਪ ਦੀ ਸਪੁੱਤਰੀ ਕਮਲਜੀਤ ਅਤੇ ਦਾਮਾਦ ਸ. ਜਸਵਿੰਦਰ ਸਿੰਘ (ਗਨਮੈਨ) ਦੇ ਘਰ ਹੀ ਆਪ ਨੇ ਸੁਆਸ ਛੱਡੇ। ਅਗਲੇ ਦਿਨ ੧੮ ਸਤੰਬਰ ਸਵੇਰੇ ੧੦ ਵਜੇ ਆਪ ਦੀ ਦੇਹ ਨੂੰ ਸਸਕਾਰ ਵਾਸਤੇ ਢੋਲਕ ਛੈਣਿਆਂ ਦੇ ਕੀਰਤਨ ਨਾਲ ਇੱਕ ਭਾਰੀ ਜਲੂਸ ਦੀ ਸ਼ਕਲ ਵਿੱਚ ਲਿਜਾਇਆ ਗਿਆ। ਇਸ ਤੋਂ ਪਹਿਲਾਂ ਘਰ ਵਿੱਚ ਲਗਾਤਾਰ ਕੀਰਤਨ ਹੀ ਹੁੰਦਾ ਰਿਹਾ। ਜਿਥੇ-ਜਿਥੇ ਵੀ ਖ਼ਬਰ ਪੁੱਜ ਸਕੀ ਦੂਰ-ਦੂਰ ਤੋਂ ਸੰਗਤਾਂ ਇਸ ਸਮੇਂ ਪੁਜ ਗਈਆਂ। ਸਾਲਾਨਾ ਜੱਪ ਪ੍ਰਯੋਗ ਸ਼ੁਰੂ ਹੋ ਜਾਣ ਕਾਰਨ ਸੰਗਤਾਂ ਪਹਿਲਾਂ ਵੀ ਪੁੱਜੀਆਂ ਹੋਈਆਂ ਸਨ।

ਅੰਤਮ ਸਫ਼ਰ

ਅੰਤਮ ਸਫਰ ਵਿੱਚ ਨਾਮਧਾਰੀ ਪੰਥ ਦੇ ਪ੍ਰਸਿੱਧ ਜਥੇਦਾਰ ਸਾਹਿਬਾਨ ਸ੍ਰੀਮਾਨ ਪੰਡਿਤ ਗੋਪਾਲ ਸਿੰਘ ਜੀ, ਜਥੇਦਾਰ ਅਜੈਬ ਸਿੰਘ, ਜਥੇਦਾਰ ਇਕਬਾਲ ਸਿੰਘ, ਜਥੇਦਾਰ ਸੁਦਰਸ਼ਨ ਸਿੰਘ ਅਮਰਾਸਰ, ਸੂਬਾ ਸੇਵਾ ਸਿੰਘ ਜਗਾਧਰੀ, ਜਥੇਦਾਰ ਗੁਰਦੀਪ ਸਿੰਘ, ਸੂਬਾ ਹਰਬੰਸ ਸਿੰਘ ਦਸੀ, ਸੂਬਾ ਅਜੀਤ ਸਿੰਘ ਬਟਾਲਾ, ਸੰਤਾਂ ਦੇ ਸਪੁੱਤਰ ਸ. ਗੁਰਬਚਨ ਸਿੰਘ, ਸੰਤ ਸਾਧਾ ਸਿੰਘ ਮਜ਼ਾਨੀਆਂ (ਨੌਸ਼ਹਿਰੇ ਵਾਲੇ) ਅਤੇ ਹੋਰ ਜਥੇਦਾਰ, ਕੀਰਤਨਕਾਰ ਅਤੇ ਸੰਗਤਾਂ ਹੁਮ ਹੁੰਮਾ ਕੇ ਵੈਰਾਗਮਈ ਸ਼ਬਦ ਪੜ੍ਹਦੀਆਂ ਸ਼ਾਮਲ ਹੋਈਆਂ। ਸ੍ਰੀ ਭੈਣੀ ਸਾਹਿਬ ਦੇ ਨਵੀਨ ਸ਼ਮਸਾਨ ਘਾਟ ਤੇ ਜਾ ਕੇ ਵੀ ਲਗਾਤਾਰੀ ਦੀਵਾਨ ਲਗੇ ਰਹੇ। ਇਸ ਬਾਅਦ ਸ਼ਰਧਾਂਜਲੀ ਸਮਾਗਮ ਵੀ ਹੋਇਆ। ਸੁੱਕੇ ਹੰਝੂਆਂ ਨਾਲ ਭਾਣਾ ਮੰਨਦਿਆਂ ਸੰਤਾਂ ਦੀ ਕੀਰਤੀ ਨੂੰ ਯਾਦ ਕੀਤਾ ਗਿਆ। ਉਨ੍ਹਾਂ ਦੇ ਅਨੇਕ ਗੁਣਾਂ ਨੂੰ ਸਿਮਰਦਿਆਂ ਜਥੇਦਾਰ ਇਕਬਾਲ ਸਿੰਘ ਜੀ ਨੇ ਕਿਹਾ ਕਿ ਜਥੇਦਾਰ ਗਿਆਨ ਸਿੰਘ ਜੀ ਦਾ ਜੀਵਨ ਏਨਾ ਪਾਕ ਪਵਿੱਤਰ ਸੀ ਕਿ ਉਨ੍ਹਾਂ ਵੱਲ ਕੋਈ ਉਂਗਲ ਨਹੀਂ ਕਰ ਸਕਦਾ। ਜਥੇਦਾਰ ਸੁਦਰਸ਼ਨ ਸਿੰਘ, ਜਥੇਦਾਰ ਗੁਰਦੀਪ ਸਿੰਘ, ਸੂਬਾ ਹਰਬੰਸ ਸਿੰਘ ਦੇਸ਼ੀ, ਜਗਦੀਸ਼ ਸਿੰਘ ਸੰਪਾਦਕ ਵਰਿਆਮ, ਜਥੇਦਾਰ ਅਜੈਬ ਸਿੰਘ ਜੀ ਨੇ ਕਾਵਿ-ਭਿੰਨੀਆਂ ਸ਼ਰਧਾਂਜਲੀਆਂ ਅਰਪਿਤ ਕੀਤੀਆਂ। ਹਰ ਇਕ ਦੇ ਕੋਲ ਹੀ ਸੰਤ ਗਿਆਨ ਸਿੰਘ ਜੀ ਬਾਰੇ ਕਹਿਣ ਨੂੰ ਬਹੁਤ ਕੁਝ ਸੀ।

ਜਥੇਦਾਰਾਂ ਦੇ ਦੀਵਾਨ

ਸਤਿਗੁਰੂ ਜੀ ਦੀ ਆਗਿਆ ਅਨੁਸਾਰ ਸੰਤਾਂ ਦੀ ਜੀਵ ਆਤਮਾ ਨਮਿੱਤ ਪਾਠ ਦਾ ਭੋਗ ੨ ਅਕਤੂਬਰ ੧੯੯੮ ਨੂੰ ਹਰੀ ਮੰਦਰ ਸ੍ਰੀ ਭੈਣੀ ਸਾਹਿਬ ਵਿੱਚ ਪਾਇਆ ਗਿਆ। ਇਸ ਦਿਨ ਬਹੁਤ

ਭਾਰੀ ਮੇਲਾ ਹੋਇਆ। ੧ ਅਕਤੂਬਰ ਰਾਤ ਨੂੰ ਹੀ ਜਸਵਿੰਦਰ ਸਿੰਘ ਹੋਰਾਂ ਦੇ ਗ੍ਰਹਿ ਵਿਖੇ ਭਾਰੀ ਦੀਵਾਨ ਲਗੇ ਰਹੇ। ਜਥੇਦਾਰ ਨਿਰਮਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਕਿਹਾ ਕਿ ਜਥੇਦਾਰ ਗਿਆਨ ਸਿੰਘ ਨਾਮਧਾਰੀ ਪੰਥ ਦੇ ਚੋਟੀ ਦੇ ਜਥੇਦਾਰ ਸਨ। ਸੰਤ ਬਲੀ ਸਿੰਘ ਰਾਮਪੁਰ ਨੇ ਸ਼ਬਦ ਪੜ੍ਹਿਆ :
"ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ॥"

ਜਥੇਦਾਰ ਗੁਰਦੀਪ ਸਿੰਘ

ਜਥੇਦਾਰ ਗੁਰਦੀਪ ਸਿੰਘ ਜੀ ਨੇ ਕਿਹਾ ਕਿ ਨਾਮਧਾਰੀ ਪੰਥ ਦੇ ਉੱਚ-ਕੋਟੀ ਦੇ ਗਾਉਣ ਵਾਲੇ, ਡੂੰਘਾਈ ਵਿੱਚ ਜਾਣ ਵਾਲੇ ਜਥੇਦਾਰ ਸਨ। ਸਿਆਣੇ ਬੰਦੇ ਉਹਨਾਂ ਨੂੰ ਸਮਝ ਸਕਦੇ ਸਨ। ਧੰਨ ਸਤਿਗੁਰੂ ਜਗਜੀਤ ਸਿੰਘ ਜੀ ਕਹੋ ਜਿਨ੍ਹਾਂ ਨੇ ਅੰਤਮ ਵੇਲੇ ਜਥੇਦਾਰਾਂ ਬਜ਼ੁਰਗਾਂ ਵਿਦਵਾਨਾਂ ਨੂੰ ਸੰਭਾਲਿਆ। ਜਥੇਦਾਰ ਜੀ ਨੇ ਦੀਵਾਨ ਨਾਲ ਬਹੁਤ ਲੋਕਾਂ ਨੂੰ ਪ੍ਰਭਾਵਿਤ ਕੀਤਾ।

ਜਥੇਦਾਰ ਸੁਖਦਰਸ਼ਨ ਸਿੰਘ

ਜਥੇਦਾਰ ਸੁਖਦਰਸ਼ਨ ਸਿੰਘ ਅਮਰਾਸਰ ਸਿਰਸਾ ਵਾਲਿਆਂ ਆਖਿਆ ਕਿ ਸੰਤਾਂ ਦੀ ਮਾਤਾ ਕਰਮ ਕੌਰ ਨੂੰ ਧੰਨ ਕਹੋ ਜਿਸ ਨੇ ਸੰਤਾਂ ਨੂੰ ਰਸਤਾ ਵਿਖਾਇਆ। ਆਹ ਜੋ ਜਸ ਹੋ ਰਿਹਾ ਹੈ ਇਹ ਸਾਰਾ ਮਾਤਾ ਕਰਮ ਕੌਰ ਕਰਕੇ ਹੈ। ਜਥੇਦਾਰ ਜੀ ਵਿੱਚ ਗੁਣ ਹੀ ਗੁਣ ਸਨ। ਉਨ੍ਹਾਂ ਦਾ ਸਰੀਰ, ਮਿਹਨਤ, ਜੱਪ-ਤਪ, ਅਡੋਲਤਾ, ਬਿਰਤੀ, ਨਿਜੀ ਜੀਵਨ, ਵਿਦਿਆ, ਰਾਗ, ਕੀਰਤਨ, ਪ੍ਰਚਾਰ, ਨਿਰਮਾਨਤਾ, ਨਿਰਮਲਤਾ—ਜਿੰਨੇ ਮਰਜ਼ੀ ਗੁਣ ਗਿਣੀ ਜਾਵੋ। ਸੰਤਾਂ ਨੇ ਮੇਰੇ ਤੇ ਵੀ ਕਿਰਪਾ ਕੀਤੀ। ਉਹਨਾਂ ਧਾਰਨ ਪੜ੍ਹੀ— "ਸਭ ਦੁਨੀਆਂ ਮਰਦੀ ਏ ਸੰਤ ਨਹੀਂ ਮਰਦੇ...।"

ਸੂਬਾ ਸੇਵਾ ਸਿੰਘ

ਸੂਬਾ ਸੇਵਾ ਸਿੰਘ ਜੀ ਨੇ ਪੜ੍ਹਿਆ "ਓਹ ਸਦਾ ਜੀਉਂਦੇ ਨੇ ਸੰਤ ਨਹੀਂ ਮਰਦੇ...।" ਸੰਤਾਂ ਦੇ ਅਨੇਕ ਗੁਣ ਆਪ ਨੇ ਗੁਰਬਾਣੀ ਦੇ ਪ੍ਰਮਾਣਾਂ ਸਹਿਤ ਦੱਸੇ। ਉਹਨਾਂ ਸੰਤਾ ਦੇ ਜੀਵਨ ਨੂੰ ਇਕ ਖ਼ੁਸ਼ਬੋ ਵਾਲੀ ਸੈਂਟ ਦੀ ਸ਼ੀਸ਼ੀ ਨਾਲ ਤੁਲਨਾ ਦਿੰਦਿਆਂ ਕਿਹਾ ਕਿ ਸੈਂਟ-ਅਤਰ ਦੀ ਸ਼ੀਸ਼ੀ 'ਚੋਂ ਸਦਾ ਮਹਿਕ ਹੀ ਆਉਂਦੀ ਹੈ, ਪਰ ਜਦੋਂ ਉਹ ਸ਼ੀਸ਼ੀ ਟੁੱਟ ਜਾਂਦੀ ਹੈ ਤਾਂ ਮਹਿਕ ਸਾਰੇ ਵਾਯੂ ਮੰਡਲ ਵਿੱਚ ਫੈਲ ਜਾਂਦੀ ਹੈ। ਇਵੇਂ ਹੀ ਸੰਤ ਗਿਆਨ ਸਿੰਘ ਜੀ ਦੀ ਮਹਿਕ ਸਾਰੇ ਹੀ ਵਾਯੂਮੰਡਲ ਵਿੱਚ ਘੁਲ ਗਈ ਹੈ।

ਸਪੁੱਤਰ ਵੱਲੋਂ ਧੰਨਵਾਦ

ਸੰਤ ਗਿਆਨ ਸਿੰਘ ਜੀ ਦੇ ਸਪੁੱਤਰ ਸ. ਗੁਰਬਚਨ ਸਿੰਘ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਸੰਤਾਂ ਦੇ ਜੀਵਨ ਫ਼ਲਸਫ਼ੇ ਨੂੰ ਦਰਸਾਉਂਦਾ ਫ਼ਰੀਦ ਜੀ ਦਾ ਸਲੋਕ ਗਾ ਕੇ ਪੜ੍ਹਿਆ-- "ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ॥ ਹੋਨਿ ਨਜੀਕਿ ਖੁਦਾਇ ਦੇ ਭੇਤੁ ਨ ਕਿਸੈ ਦੇਨਿ॥" ਗੁਰਬਚਨ ਸਿੰਘ ਜੀ ਨੇ ਸੰਤਾਂ ਦਾ ਜੀਵਨ ਇਤਿਹਾਸ ਆਪਣੇ ਪੁਰਾਣੇ ਪਿੰਡ ਵੀਰੋਕੇ ਤੋਂ ਸ਼ੁਰੂ ਕੀਤਾ। ਉਥੋਂ ਗੁਰੂ ਹਰੀ ਸਿੰਘ ਜੀ ਦੇ ਵੇਲੇ ਦੌਰੇ ਦਾ ਹਾਲ ਦੱਸਦਿਆਂ ਆਪਣੇ ਦਾਦਾ ਜੀ ਦੇ ਭਜਨ ਪੁੱਛਣ ਤੋਂ ਲੈ ਕੇ ਸਾਰੀ ਵਾਰਤਾ ਸੁਣਾਈ। ਬਹੁਤ ਭਾਵ-ਭਿੰਨੇ ਅਤੇ ਵੈਰਾਗਮਈ ਸ਼ਬਦਾਂ ਵਿੱਚ ਆਪਣੀ ਦਾਦੀ, ਸੰਤ ਗਿਆਨ ਸਿੰਘ ਜੀ ਦੀ ਮਾਤਾ ਦੀ ਘਾਲਣਾ ਦਾ ਜ਼ਿਕਰ ਕਰਦਿਆਂ ਦੱਸਿਆ ਕਿ "ਉਸ ਮਾਤਾ ਨੇ ਆਪ ਬਹੁਤ ਦੁਖ ਸਹਿ ਕੇ ਉਹਨਾਂ ਨੂੰ ਪਾਲਿਆ. ਉਨ੍ਹਾਂ ਵਿੱਚ ਐਹੋ ਜਿਹੀ ਸਿੱਖਿਆ ਅਤੇ ਜਰਨ ਸ਼ਕਤੀ ਭਰੀ, ਜਿਸ ਦੀ ਮਿਸਾਲ ਨਹੀਂ ਮਿਲਦੀ। ਮੇਰੇ ਨਾਲ ਪਿਤਾ ਜੀ ਨੇ ਬੈਠ ਕੇ ਸਾਰੀ-ਸਾਰੀ ਰਾਤ ਬਚਨ ਕਰਦੇ ਰਹਿਣਾ। ਉਹਨਾਂ ਕਹਿਣਾ ਕਿ ਮੈਂ ਤੈਨੂੰ ਇਸ ਕਰਕੇ

ਨਹੀਂ ਸੁਣਾ ਰਿਹਾ ਕਿ ਇਹ ਮੇਰੇ ਤੇ ਬੀਤਿਆ ਹੈ। ਏਸ ਕਰਕੇ ਸੁਣਾ ਰਿਹਾ ਹਾਂ ਕਿ ਐਨਾ ਕੁਝ ਵੀ ਤੇਰੇ ਤੇ ਬੀਤ ਜਾਏ ਤਾਂ ਜਰ ਜਾਈਂ। ਏਦੋਂ ਵੱਧ ਵੀ ਬੀਤੇ ਤਾਂ ਮੇਰਾ ਪੁੱਤਰ ਏਂ ਜਰ ਜਾਈਂ... ਪੁੱਤਰ ਇਸ ਦੇਹ ਨੇ ਸਦਾ ਨਹੀਂ ਰਹਿਣਾ... ਕਿਸੇ ਦੀ ਵੀ ਨਹੀਂ ਰਹੀ। ਉਹ ਏਹੋ ਜਿਹੇ ਸੰਤ ਸਨ, ਜਿਨ੍ਹਾਂ ਨੇ ਦੁਨੀਆਦਾਰੀ ਵੀ ਠੀਕ ਢੰਗ ਨਾਲ ਨਿਭਾਈ ਅਤੇ ਸਤਿਗੁਰਾਂ ਵਾਲਾ ਪਾਸਾ ਵੀ ਅੰਤਮ ਸੁਆਸਾਂ ਤੱਕ ਨਿਭਾਇਆ, ਉਨ੍ਹਾਂ ਦੇ ਮਨ ਵਿੱਚ ਸਦਾ ਇਹ ਗੱਲ ਰਹੀ ਕਿ ਕਿਸੇ ਤਰ੍ਹਾਂ ਸਤਿਗੁਰਾਂ ਤੋਂ ਪਿਛੇ ਨਾ ਹਟ ਜਾਵਾਂ। ਮੇਰੇ ਕੋਲੋਂ ਐਹੋ ਜਿਹਾ ਕੰਮ ਨਾ ਹੋ ਜਾਵੇ। ਜਿਸ ਨਾਲ ਮੇਰੇ ਗੁਰੂ ਮੇਰੇ ਪੰਥ ਨੂੰ ਆਂਚ ਆਵੇ।

ਸ਼ਾਇਰ ਨੇ ਕਿਹਾ, "ਆਜ ਹਜੂਮੇਂ ਬੁਲਬੁਲ ਦੇਖਾ" ਕਿਸੇ ਨੇ ਪੁਛਿਆ ਕਿ ਬੁਲਬੁਲ ਇਕ ਨਹੀਂ ਲਭਦੀ... ਤੂੰ ਬੁਲਬੁਲਾਂ ਦਾ ਹਜੂਮ ਕਿਥੋਂ ਲੱਭ ਲਿਐ? ਉਸ ਨੇ ਉੱਤਰ ਦਿੱਤਾ—

ਕੀਆ ਗੁਲ ਨੇ ਜੋ ਜਮਾਲ ਪੈਦਾ
ਕਮੀ ਨਹੀਂ ਕਦਰਦਾਨੋਂ ਕੀ ਐ ਅਕਬਰ
ਕਰੇ ਜੋ ਕੋਈ ਕਮਾਲ ਪੈਦਾ!

ਜਥੇਦਾਰ ਤਾਂ ਇਕ ਈ ਸੱਦਣਾ ਮੁਸ਼ਕਲ ਹੁੰਦਾ ਹੈ, ਅੱਜ ਇੱਥੇ ਜਥੇਦਾਰਾਂ ਦਾ ਹਜੂਮ ਹੈ। ਇਹ ਉਨ੍ਹਾਂ ਸੰਤਾਂ ਦਾ ਜਮਾਲ ਤੇ ਕਮਾਲ ਸੀ ਕਿ ਏਨੇ ਕਦਰਦਾਨ ਆਏ ਨੇ। ਮੈਂ ਤੁਹਾਡਾ ਬੱਚਾ ਹੋਣ ਦੇ ਨਾਤੇ ਸਾਰਿਆਂ ਦਾ ਧੰਨਵਾਦ ਕਰਦਾ ਹਾਂ।

ਮੁੜ ਦੀਵਾਨ

ਸੂਬਾ ਕਰਤਾਰ ਸਿੰਘ ਹੋਠੀਆਂ ਨੇ ਕਿਹਾ ਕਿ ਸੰਤ ਗਿਆਨ ਸਿੰਘ, ਗਿਆਨ ਦਾ ਸਮੁੰਦਰ ਸਨ। ਇਹਨਾਂ ਕੋਲੋਂ ਸਾਖੀਆਂ, ਨੀਤੀ ਸ਼ਾਸਤਰ ਧਰਮ ਸ਼ਾਸਤਰ, ਜਾਂ ਗੁਰਬਾਣੀ ਦੀ ਕਿਸੇ ਵੀ ਪੰਗਤੀ ਦੇ ਅਰਥ ਪੁਛਦੇ ਤਾਂ ਉੱਤਰ ਮਿਲ ਜਾਂਦਾ।

ਜਥੇਦਾਰ ਜੋਗਾ ਸਿੰਘ ਦਿੱਲੀ ਨੇ ਸੰਤਾਂ ਦੀ ਗੁਰਬਾਣੀ ਵਿਆਖਿਆ ਦੀਆਂ ਮਿਸਾਲਾਂ ਦਿੰਦਿਆਂ ਉਹਨਾਂ ਦੇ ਬਚਨ ਸੁਣਾਏ। ਸੰਤ ਸਾਧਾ ਸਿੰਘ ਮਸ਼ਾਣੀਆਂ (ਕਿਲ੍ਹੇ ਵਾਲੇ ਸੰਤਾਂ ਦੇ ਸੇਵਕ) ਨੇ ਕਿਹਾ ਕਿ ਜਥੇਦਾਰ ਗਿਆਨ ਸਿੰਘ ਨੇ ਨਾਮ ਬਾਣੀ ਅਤੇ ਗੁਰਾਂ ਨਾਲ ਜੋੜਿਆ। ਉਹ ਆਪ ਮੁਕਤ ਸਨ ਅਤੇ ਉਨ੍ਹਾਂ ਨੇ ਸੰਸਾਰ ਨੂੰ ਮੁਕਤ ਕੀਤਾ।

ਸੰਤ ਚੰਨਣ ਸਿੰਘ ਚੰਡੀਗੜ੍ਹ ਹੋਰਾਂ ਕਿਹਾ ਕਿ ਜਥੇਦਾਰ ਗਿਆਨ ਸਿੰਘ ਜੀ ਦੀ ਯਾਦ ਆਉਂਦਿਆਂ ਉਹ ਗੀਤਾਂ ਯਾਦ ਆਉਂਦੀਆਂ ਨੇ। ਉਹਨਾਂ ਕਿਹਾ ਉਨ੍ਹਾਂ ਦੇ ਪਿੰਡ ਲੋਕ ਸ਼ਰਾਬ ਨਹੀਂ ਸਨ ਛੱਡਦੇ ਜਥੇਦਾਰ ਗਿਆਨ ਸਿੰਘ ਜੀ ਦੇ ਦੀਵਾਨ ਨਾਲ ਸਾਰਾ ਪਿੰਡ ਹੀ ਛੱਡ ਗਿਆ। ਚੰਡੀਗੜ੍ਹ ਵਿੱਚ ਉਹਨਾਂ ਦੇ ਦੀਵਾਨ ਨੇ ਸਭ ਨੂੰ ਮੋਹਿਤ ਕਰ ਦਿੱਤਾ। ਸੂਬਾ ਕਰਤਾਰ ਸਿੰਘ ਮੰਡੀ ਨੇ ਆਖਿਆ ਕਿ ਸੰਤਾਂ ਦੀਆਂ ਯਾਦਾਂ ਸਾਡਾ ਜੀਵਨ ਹੈ ਸਾਡੀ ਯਾਦਗਾਰ ਹੈ। ਜਥੇਦਾਰ ਗੁਰਬਚਨ ਸਿੰਘ ਚਰਾਂਦ ਨੇ ਕਿਹਾ ਕਿ ਅਜਿਹੇ ਸੰਤ ਕੁਲਾਂ ਦਾ ਉਧਾਰ ਕਰ ਦਿੰਦੇ ਹਨ।

ਸੂਬਾ ਹਰਬੰਸ ਸਿੰਘ

ਸੰਤ ਗਿਆਨ ਸਿੰਘ ਜੀ ਦੇ ਅਤਿ ਨਿਕਟਵਰਤੀ ਪਿਆਰੇ ਅਤੇ ਅੰਗਸੰਗੀ ਸੂਬਾ ਹਰਬੰਸ ਸਿੰਘ ਦੋਸ਼ੀ ਨੇ ਕਿਹਾ ਕਿ ਸੰਤਾਂ ਨੇ ਆਪਣੀ ਥਾਂ ਹਰ ਇਕ ਦਿਲ ਵਿੱਚ ਬਣਾਈ ਹੋਈ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਉਨ੍ਹਾਂ ਨੂੰ ਅੱਗੇ ਵੀ ਅਥਾਹ ਪਿਆਰ ਦਿੱਤੇ, ਪਰ ਆਹ ਜਿਹੜੇ ਅੰਤਲੇ ਢਾਈ ਮਹੀਨੇ ਸਤਿਗੁਰਾਂ ਨੇ ਪਿਆਰ ਦਿਤੈ ਇਹ ਅਭੁਲਵਾਂ ਹੈ। ਸਤਿਗੁਰ ਅੰਤਰਯਾਮੀ

ਹੁੰਦੇ। ਉਹਨਾਂ ਨੂੰ ਪਤਾ ਸੀ ਕਿ ਇਹਨਾਂ ਦਾ ਸਮਾਂ ਨੇੜੇ ਆਇਐ... ਅੱਗੇ ਸੂਬਾ ਜੀ ਨੇ ਸਤਿਗੁਰੂ ਜੀ ਵੱਲੋਂ ਜਥੇਦਾਰ ਸਾਹਿਬ ਨੂੰ ਪਿੰਡ ਤੋਂ ਸ੍ਰੀ ਭੈਣੀ ਸਾਹਿਬ ਲਿਆਉਣ ਦੀ ਸਾਰੀ ਵਾਰਤਾ ਪ੍ਰੇਮ ਨਾਲ ਸੁਣਾਈ। ਉਨ੍ਹਾਂ ਕਿਹਾ ਕਿ ਸਤਿਗੁਰੂ ਜੀ ਨੇ ਕ੍ਰਿਸ਼ਨ ਸੁਦਾਮੇ ਵਾਲੀ ਗੱਲ ਸਾਕਾਰ ਕਰ ਦਿੱਤੀ ਹੈ।

ਜਥੇਦਾਰ ਇਕਬਾਲ ਸਿੰਘ

੨ ਅਕਤੂਬਰ ਨੂੰ ਵੀ ਹਰਿਮੰਦਰ ਵਿੱਚ ਭਰੇ ਹੋਏ ਦੀਵਾਨ ਵਿੱਚ ਜਥੇਦਾਰ ਇਕਬਾਲ ਸਿੰਘ ਨੇ ਵੀ "ਤਿਨ ਕੀ ਕਥਾ ਨਿਰਾਰੀ ਰੇ" ਦੇ ਪ੍ਰਸੰਗ ਵਿੱਚ ਰਾਜਾ ਯੁਧਿਸ਼ਟਰ ਵੱਲੋਂ ਭੀਲ ਲੜਕੀ ਦੀ ਸੇਵਾ ਕਰਨ ਉਪਰੰਤ ਮਨ-ਇੱਛਤ ਵਿਸ਼ੇਸ਼ਨ ਸ੍ਰੀ ਕ੍ਰਿਸ਼ਨ ਜੀ ਤੋਂ 'ਭਗਤ' ਕਹਾਉਣ ਦੀ ਗੱਲ ਕਹੀ। ਇਸੇ ਪ੍ਰਸੰਗ ਵਿੱਚ ਉਨ੍ਹਾਂ ਸੰਤ ਵੀਰ ਸਿੰਘ ਲੋਪੋਕੇ ਵੱਲੋਂ ਇਕਲੌਤੇ ਬੱਚੇ ਦੀ ਮੌਤ ਤੇ ਲਾਸ਼ ਘਰ ਰੱਖ ਕੇ ਗਵਾਂਢ ਵਿੱਚ ਲੜਕੀ ਦੇ ਅਨੰਦ ਕਾਰਜ ਅਤੇ ਡੋਲੀ ਤੋਂ ਬਾਅਦ ਇਹ ਖ਼ਬਰ ਬਾਹਰ ਕੱਢਣ ਦੀ ਕਥਾ ਸੁਣਾਈ। ਸੰਤ ਅਜੀਤ ਸਿੰਘ ਡਾਲਟਨ ਗੰਜ ਵੱਲੋਂ ਇਕਲੌਤੇ ਪੁੱਤਰ ਦੀ ਮੌਤ ਤੇ ਰੋਣਾ ਬੰਦ ਕਰਕੇ ਆਪ ਢੋਲਕ ਵਜਾ ਕੇ ਸਸਕਾਰ ਲਈ ਲਿਜਾਣ ਦੀ ਕਥਾ ਦੱਸੀ। ਮੌਤ ਮਮਤਾ ਤ੍ਰਿਸ਼ਨਾ ਨੂੰ ਤਿਆਗਕੇ ਗੁਰੂ ਹੁਕਮ ਜਾਂ ਭਾਣੇ ਨੂੰ ਮੰਨਣ ਦੇ ਪ੍ਰਸੰਗ ਵਿੱਚ ਉਨ੍ਹਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰੀ ਸੇਵਕ ਸੰਤ ਮਹਿੰਦਰ ਸਿੰਘ ਪੁਰਬਾ ਦੀ ਬਾਤ ਦੱਸੀ, ਜਿਨ੍ਹਾਂ ਆਪਣੇ ਛੋਟੇ ਪੁੱਤਰ ਦੇ ਚੜ੍ਹਾਈ ਕਰ ਜਾਣ ਤੇ ਭਾਣਾ ਮੰਨਦਿਆਂ ਮਿਸਾਲ ਪੇਸ਼ ਕੀਤੀ।

ਸੰਤ ਗਿਆਨ ਸਿੰਘ ਜੀ ਦੇ ਨਿੱਜੀ ਜੀਵਨ ਵਿਚੋਂ ਉਨ੍ਹਾਂ ਅਨੇਕਾਂ ਮਿਸਾਲਾਂ ਦਿੱਤੀਆਂ। ਉਨ੍ਹਾਂ ਕਿਹਾ ਅਸੀਂ ਸੰਤਾਂ ਨਾਲ ਛੈਣੇ ਵਜਾਉਂਦੇ ਹੁੰਦੇ ਸਾਂ, ਉਨ੍ਹਾਂ ਕਹਿਣਾ– ਮੇਰੇ ਲਾਗੇ ਰਿਹਾ ਕਰੋ, ਬਾਜ਼ਾਰਾਂ 'ਚ ਨਾ ਘੁੰਮਿਆ ਕਰੋ। ਪਰਾਏ ਧਨ ਛੋਟੇ ਤੋਂ ਛੋਟੇ ਨੂੰ ਵੀ ਉਹ ਨਹੀਂ ਸੀ ਲਲਚਾਉਂਦੇ। ਉਹ ਭੈਣ ਨੂੰ ਭੈਣ ਮਾਂ ਨੂੰ ਮਾਂ ਸਮਝਦੇ ਸਨ। ਉਹ ਨੇਕੀ ਦੀ ਗੰਢ ਪਾ ਗਏ ਹਨ। ਰਹਿੰਦੀ ਦੁਨੀਆਂ ਤੱਕ ਉਹਨਾਂ ਦਾ ਨਾਂਅ ਰਹੇਗਾ। ਉਨ੍ਹਾਂ ਦੀ ਸ਼ੋਭਾ ਤਾਰਿਆਂ ਵਿੱਚ ਚੰਦਰਮਾ ਦੀ ਸ਼ੋਭਾ ਵਾਂਗ ਰਹੇਗੀ। ਉਹ ਗੁਰੂ ਦੇ ਭਾਣੇ ਵਿੱਚ ਰਹੇ ਇਸੇ ਕਰਕੇ ਜੀਵਨ ਮੁਕਤੀ ਪਾ ਗਏ। ਬਹੁਤ ਵਿਦਵਾਨ ਹੋਣਗੇ, ਪਰ ਸੰਤ ਗਿਆਨ ਸਿੰਘ ਨਹੀਂ ਜੰਮਣੇ। ਅੰਤ ਉਤੇ ਉਹਨਾਂ ਪੜ੍ਹਿਆ 'ਤੂ ਨਹੀਂ ਤਾਂ ਤੇਰੀਆਂ ਯਾਦਾਂ ਸਹੀ, ਯਾਦਾਂ ਦੇ ਸਹਾਰੇ ਜੀ ਲਾਂਗੇ।'...

ਜਥੇਦਾਰ ਅਜੈਬ ਸਿੰਘ

ਦੇਸ ਪ੍ਰਦੇਸ ਵਿੱਚ ਪ੍ਰਸਿੱਧ ਜਥੇਦਾਰ ਅਜੈਬ ਸਿੰਘ ਸੰਤਾਂ ਦੇ ਪ੍ਰਮੁੱਖ ਸ਼ਾਗਿਰਦ ਵੀ ਹਨ ਅਤੇ ਰਿਸ਼ਤੇ ਵਿੱਚ ਭਤੀਜੇ ਵੀ ਅਤੇ ਕੀਰਤਨ ਵਿਖਿਆਨ ਵਿੱਚ ਵੀ ਉਨ੍ਹਾਂ ਨਵੀਆਂ ਪੈੜਾਂ ਪਾਈਆਂ ਹਨ। ਉਨ੍ਹਾਂ ਨੇ ਭਾਵੁਕ ਵੀ ਤੇ ਭਾਵਪੂਰਤ ਸ਼ਬਦਾਂ ਵਿੱਚ ਵੀ ਸੰਤਾਂ ਦੇ ਜਸ ਦਾ ਬਿਖਾਨ ਕੀਤਾ। ਉਨ੍ਹਾਂ ਕਿਹਾ ਕਿ ਸੰਤਾਂ ਦੇ ਜਾਣ ਦਾ ਜਿਥੇ ਅਫ਼ਸੋਸ ਹੈ ਉਥੇ ਤਸੱਲੀ ਵੀ ਹੈ ਕਿ ਉਨ੍ਹਾਂ ਤੋਂ ਕਈਆਂ ਸਜਨਾਂ ਨੇ ਸੇਧ ਪ੍ਰਾਪਤ ਕੀਤੀ। ਉਨ੍ਹਾਂ ਦੀਆਂ ਧਾਰਨਾਂ ਪੜ੍ਹਦੇ ਹਨ, ਉਨ੍ਹਾਂ ਦੀਆਂ ਕਹੀਆਂ ਗੱਲਾਂ ਨੂੰ ਉਹ ਮੈਦਾਨ ਵਿੱਚ ਪੇਸ਼ ਕਰਦੇ ਹਨ। ਇਸ ਵਾਸਤੇ ਉਹ ਸਦਾ ਜਿਊਂਦੇ ਹਨ। ਉਹ ਗਏ ਨਹੀਂ... ਮੈਂ ਸਦਾ ਉਹਨਾਂ ਦੇ ਬਚਨ ਕਰਦਾ ਹੀ ਰਹਿੰਦਾ ਹਾਂ। ਉਹ ਹਰ ਗੱਲ ਵਿੱਚ ਮੇਰੇ ਨਾਲ ਖੜ੍ਹੇ ਹੁੰਦੇ ਨੇ। ਉਨ੍ਹਾਂ ਨੇ ਇਕ ਬਚਨ ਸੂਬਾ ਹਰਬੰਸ ਸਿੰਘ ਜੀ ਨੂੰ ਕਿਹਾ ਸੀ ਕਿ ਮੇਰਾ ਦਿਲ ਕਰਦੈ ਮੇਰੇ ਕੋਲ ਜੋ ਕੁਝ ਹੈ ਮੈਂ ਵੱਧ ਤੋਂ ਵੱਧ ਸਭ ਕੁਝ ਅਜੈਬ ਸਿੰਘ ਨੂੰ ਦੇ ਦਿਆਂ। ਪਰ ਸਾਡਾ ਏਨਾ ਬਰਤਨ, ਝੋਲੀ, ਹਿੰਮਤ ਨਹੀਂ ਸੀ ਕਿ ਉਨ੍ਹਾਂ ਕੋਲੋਂ ਏਨਾ ਕੁਝ ਲੈ ਸਕਦੇ। ਸਿਆਣਿਆਂ, ਸਤਿ ਪੁਰਖਾਂ ਨੇ ਜ਼ਿੰਦਗੀ

ਤਿੰਨ ਪ੍ਰਕਾਰ ਦੀ ਲਿਖੀ ਹੈ-ਸਰੀਰ, ਸ਼ਬਦ ਤੇ ਕਰਮ। ਸੰਤ ਗਿਆਨ ਸਿੰਘ ਜੀ ਇਨ੍ਹਾਂ ਤਿੰਨਾਂ ਵਿੱਚ ਹੀ ਵਿਸ਼ੇਸ਼ ਸਨ। ਜਥੇਦਾਰ ਜੀ ਦੀ ਮਾਤਾ ਕਰਮ ਕੌਰ ਦਾ ਜਾਮਾ ਭਾਵੇਂ ਇਸਤਰੀ ਦਾ ਸੀ, ਪਰ ਕਰਮ ਉਹਨਾਂ ਦਾ ਮਰਦਾਂ ਵਾਲਾ ਸੀ। ਉਨ੍ਹਾਂ ਨੇ ਜਥੇਦਾਰ ਜੀ ਨੂੰ ਹੀ ਸਤਿਗੁਰਾਂ ਦੇ ਲੜ ਲਾਇਆ।

ਸੰਤ ਗਿਆਨ ਸਿੰਘ ਜੀ ਨੇ ਮੈਨੂੰ ਬਹੁਤ ਦਿੱਤਾ ਹੈ। ਮੇਰੀ ਬਚਪਨ ਤੋਂ ਹੀ ਲਗਨ ਏਧਰ ਲਗ ਗਈ ਸੀ। ਉਨ੍ਹਾਂ ਮੈਨੂੰ ਤਬਲਾ ਸਿਖਾਇਆ ਪਾਕਿਸਤਾਨ ਵਿੱਚ। ਉਹਨਾਂ ਜਿਹੜੀਆਂ ਤਾਰਾਂ (ਤਾਲਾਂ) ਕੱਢੀਆਂ ਨੇ ਮੈਨੂੰ ਸਾਰੀਆ ਯਾਦ ਨੇ। ਮੇਰਾ ਮੁੱਢ ਐਸਾ ਭਰ ਦਿੱਤਾ, ਵਾਰ ਵਿੱਚ ਗਾਉਣਾ, ਲੈਅ ਵਿੱਚ ਰਹਿਣਾ। ਕਿਸ ਤਰ੍ਹਾਂ ਦੀ ਲੈਅ ਹੋਵੇ, ਉਹਦੇ ਵਿੱਚ ਬੱਝ ਕੇ ਗਾਉਣਾ ਕੋਰੇ ਕਾਗਜ਼ ਤੇ ਲੀਕਾਂ ਪਾ ਦਿੱਤੀਆਂ। ਉਨ੍ਹਾਂ ਕੋਲ ਜੋ ਵੀ ਸੀ ਨਹੀਂ ਲੁਕਾਇਆ। ਆਪਣੇ ਕੋਲੋਂ ਗ੍ਰੰਥ ਦੇ ਕੇ ਮੈਨੂੰ ਪੜ੍ਹਾਇਆ। ਅਜੇ ਵੀ ਜਥੇਦਾਰ ਜੀ ਦੇ ਘਰ ਤੋਲਵੇਂ ਕਈ ਮਣ ਗ੍ਰੰਥ ਹੋਣਗੇ, ਇਨ੍ਹਾਂ ਗ੍ਰੰਥਾਂ ਵਿੱਚ ਵੱਡੇ ਟੀਕੇ ਵੀ ਹਨ। ਸਿਆਲ ਵਿੱਚ ਸਾਰਾ ਸਾਰਾ ਦਿਨ ਲੰਘ ਜਾਣਾ ਇਕ-ਇਕ ਤੁਕ ਦੀ ਵਿਆਖਿਆ ਕਰਦਿਆਂ। ਅਖੀਰੀ ਦਮ ਤੱਕ ਉਨ੍ਹਾਂ ਦੀ ਖੋਜ ਅਤੇ ਮੁਤਾਲਿਆ ਨਹੀਂ ਘਟਿਆ। ਏਸ ਪਾਸੇ ਤੁਰੇ ਰਹੇ ਨੇ। ਉਹ ਕਹਿੰਦੇ ਹੁੰਦੇ ਸਨ ਮੇਰਾ ਜੀ ਕਰਦੇ ਜਿਥੇ ਜਾਵਾਂ ਅਜੈਬ ਸਿੰਘ ਨੂੰ ਨਾਲ ਲੈ ਕੇ ਜਾਵਾਂ। ਮੈਂ ਕੀ ਉਨ੍ਹਾਂ ਨੂੰ ਦੇ ਸਕਦਾ ਸਾਂ। ਮੈਂ ਤਾਂ ਲੰਗਰ ਵੀ ਉਨ੍ਹਾਂ ਦੇ ਕੋਲੋਂ ਛਕਦਾ ਸਾਂ... ਮੈਂ ਕੁਝ ਨਹੀਂ ਦਿੱਤਾ... ਉਨ੍ਹਾਂ ਨੂੰ ਮਾਇਆ ਨਾਲ ਵੀ ਲਗਾਓ ਨਹੀਂ ਸੀ। ਉਹ ਸਾਨੂੰ ਸਿੱਖਿਆ ਦਿੰਦੇ ਸਨ ਜਿਹੜੇ ਘਰ ਜਾਓ, ਉਹਦਾ ਵਾਤਾਵਰਣ ਦੇਖੋ। ਜੇ ਉਸ ਘਰ ਵਿੱਚ ਆਚਾਰ ਹੈ ਆਚਾਰ ਨਾਲ ਹੀ ਪਰਸ਼ਾਦਾ ਛਕ ਲਵੋ। ਸ਼ਬਦ ਉਥੇ ਵੀ ਪੜ੍ਹ ਕੇ ਆਵੋ। ਤੁਹਾਨੂੰ ਇਹ ਧਨ ਤਾਂ ਹੀ ਪਚਣੈ ਜੇ ਗੁਰੂ ਕਾ ਸ਼ਬਦ ਪੜ੍ਹੋਗੇ... ਇਹ ਤੁਹਾਡਾ ਧਰਮ ਹੈ ਕਰਮ ਹੈ।

ਮੈਨੂੰ ਉਨ੍ਹਾਂ ਦੀ ਸਿੱਖਿਆ ਨੇ ਬੜਾ ਲਾਭ ਪਹੁੰਚਾਇਆ ਹੈ। ਅਜੇ ਤੱਕ ਸਾਡੇ ਉਤੇ ਸ਼ਿਕਾਇਤ ਨਹੀਂ ਆਈ ਕਿ ਜਥੇਦਾਰ ਗਿਆਨ ਸਿੰਘ ਦਾ ਸ਼ਾਗਿਰਦ ਅਜੈਬ ਸਿੰਘ ਠੇਕਾ ਕਰਕੇ ਕੀਰਤਨ ਕਰਨ ਗਿਆ ਹੋਵੇ। ਸੰਤ ਸਰੀਰ ਕਰਕੇ ਗਏ ਹਨ, ਪਰ ਉਹ ਸਦਾ ਜਿਊਂਦੇ ਰਹਿਣਗੇ।

ਨਾਮ ਸਿਮਰਨ

ਇਕ ਘੰਟੇ ਦਾ ਨਾਮ ਸਿਮਰਨ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੋਇਆ। ਇਸ ਸਮੇਂ ਹੀ ਸੰਤ ਗਿਆਨ ਸਿੰਘ ਜੀ ਨਮਿੱਤ ਪਾਠ ਦਾ ਭੋਗ ਪਾਇਆ ਗਿਆ। ਸੰਤਾਂ ਦੇ ਇਕਲੌਤੇ ਸਪੁੱਤਰ ਸੰਤ ਗੁਰਬਚਨ ਸਿੰਘ ਦੇ ਸੀਸ ਤੇ ਸਤਿਗੁਰੂ ਜੀ ਨੇ ਦਸਤਾਰ ਸਜਾਈ। ਬਚਨ ਬਲਾਸ ਕੀਤਾ ਤੇ ਹੌਂਸਲਾ ਦਿੱਤਾ। ਉਪਰੰਤ ਹਜ਼ੂਰੀ ਰਾਗੀਆਂ ਜਿਨ੍ਹਾਂ ਦੀ ਅਗਵਾਈ ਸੰਤ ਬਲਵੰਤ ਸਿੰਘ ਜੀ ਕਰ ਰਹੇ ਸਨ, ਦਾ ਕੀਰਤਨ ਹੋਇਆ। ਕਾਨੜੇ ਦੀਆਂ ਸੁਰਾਂ ਵਿੱਚ ਸ਼ਬਦ ਸੀ "ਸੇ ਉਧਰੇ ਜਿਨ ਰਾਮ ਧਿਆਏ॥ ਜਤਨ ਮਾਇਆ ਕੇ ਕਾਮਿ ਨਾ ਆਏ।"

ਸ਼ਰਧਾਂਜਲੀਆਂ

ਸ਼ਬਦ ਕੀਰਤਨ ਬਾਦ ਸ਼ਰਧਾਂਜਲੀਆਂ ਦਾ ਪ੍ਰੋਗਰਾਮ ਸੀ। ਮਾਸਟਰ ਅਜੀਤ ਸਿੰਘ ਚੀਮਾ ਜੋ ਕੱਲ੍ਹ ਤੋਂ ਸਟੇਜ ਸਕੱਤਰ ਦੀ ਸੇਵਾ ਕਰ ਰਹੇ ਸਨ, ਨੇ ਸੰਖੇਪ ਭੂਮਿਕਾ ਬਾਦ ਬੁਲਾਰਿਆਂ ਨੂੰ ਪੇਸ਼ ਕੀਤਾ।

ਜਗਦੀਸ਼ ਸਿੰਘ

ਸਭ ਤੋਂ ਪਹਿਲਾਂ 'ਵਰਿਆਮ' ਦੇ ਸੰਪਾਦਕ ਅਤੇ ਨਾਮਧਾਰੀ ਦਰਬਾਰ ਦੇ ਜਨਰਲ ਸਕੱਤਰ ਸ. ਜਗਦੀਸ਼ ਸਿੰਘ ਹੋਰਾਂ ਕਿਹਾ ਕਿ ਜਥੇਦਾਰ ਗਿਆਨ ਸਿੰਘ ਵਿੱਚ ਬਹੁਤ ਗੁਣ ਸਨ। ਸੰਗੀਤਕਾਰ

ਸਨ, ਜਥੇਦਾਰ ਸਨ। ਉਹ ਗੂੜ੍ਹ ਫ਼ਲਸਫ਼ੇ ਦੀ ਗੱਲ ਕਰਦੇ ਸਨ। ਉਨ੍ਹਾਂ ਸੰਤ ਨਿਧਾਨ ਸਿੰਘ ਆਲਮ ਅਤੇ ਸੰਤ ਫਤਹਿ ਸਿੰਘ ਵਰਗਿਆਂ ਦੀ ਸੰਗਤ ਕੀਤੀ ਸੀ। ਉਨ੍ਹਾਂ ਜਲੰਧਰ ਵਿਚਲੇ ਦੀਵਾਨ ਦਾ ਦ੍ਰਿਸ਼ਟਾਂਤ ਦੇ ਕੇ ਕਿਹਾ ਕਿ ਜਥੇਦਾਰ ਜੀ ਦਾ 'ਕੁਨੈਕਸ਼ਨ' ਸਤਿਗੁਰਾਂ ਨਾਲ ਸਦਾ ਰਿਹਾ। ਅੰਤਲੇ ਦਿਨਾਂ ਨੇ ਵੀ ਇਹ ਸਾਬਤ ਕਰ ਦਿੱਤਾ ਕਿ ਕਿਵੇਂ ਸਤਿਗੁਰੂ ਜਗਜੀਤ ਸਿੰਘ ਜੀ ਸੰਤਾਂ ਨੂੰ ਮੰਜੇ ਤੇ ਕੋਲ ਬਹਿ ਕੇ ਪਿਆਰ ਦਿੰਦੇ ਰਹੇ। ਉਨ੍ਹਾਂ ਦੀ ਜ਼ਿੰਦਗੀ ਭਜਨ ਬੰਦਗੀ ਵਾਲੀ ਸੀ ਅਤੇ ਵਿਸ਼ਵਾਸ ਭਰੋਸੇ ਦੇ ਪੂਰੇ ਸਨ। ਅੰਤਲੇ ਦਿਨਾਂ ਵਿੱਚ ਉਨ੍ਹਾਂ ਨੂੰ ਸਤਿਗੁਰੂ ਜੀ ਵੱਲੋਂ ਸ੍ਰੀ ਭੈਣੀ ਸਾਹਿਬ ਲਿਆਉਣ ਅਤੇ ਅੰਤਲੇ ਸਫ਼ਰ ਵਿੱਚ ਜਥੇਦਾਰਾਂ ਦਾ ਹੁੰਮ-ਹੁੰਮਾਕੇ ਪੁੱਜਣਾ। ਇਹ ਸਾਰੀ ਗੱਲ ਵੇਖ ਕੇ ਸਮਝ ਆਈ ਹੈ ਕਿ ਉਨ੍ਹਾਂ ਨੂੰ ਸਤਿਗੁਰਾਂ ਵੱਲੋਂ ਸ੍ਰੀ ਭੈਣੀ ਸਾਹਿਬ ਕਿਉਂ ਲਿਆਂਦਾ ਗਿਆ।

ਉਹ ਭੈਣੀ ਸਾਹਿਬ ਵਿੱਚ ਚੜ੍ਹਾਈ ਕੀਤੇ। ਇਹੋ ਜਿਹੀ ਮੌਤ ਦੀ ਕਾਮਨਾ ਕਬੀਰ ਜੀ ਨੇ ਕੀਤੀ ਸੀ। ਜਦੋਂ ਉਨ੍ਹਾਂ ਕਿਹਾ ਸੀ– "ਕਬੀਰ ਮੁਹਿ ਮਰਨੇ ਕਾ ਚਾਉ ਹੈ, ਮਰਉ ਤ ਹਰਿ ਕੈ ਦੁਆਰਿ।" ਸਤਿਗੁਰੂ ਜੀ ਉਨ੍ਹਾਂ ਦੇ ਬਾਦ ਦੇ ਜਥੇਦਾਰ ਨੂੰ ਸਮਰਥਾ, ਤਾਕਤ ਦੇਣ ਜਿਸ ਨਾਲ ਸੰਤ ਗਿਆਨ ਸਿੰਘ ਹੋਰਾਂ ਦੀ ਜੀਵਨ ਦੀ ਰੌਸ਼ਨੀ ਵਿੱਚ ਇਹ ਪ੍ਰਚਾਰ ਪ੍ਰਸਾਰ ਦਾ ਕੰਮ ਜ਼ੋਰਦਾਰ ਢੰਗ ਨਾਲ ਕਰ ਸਕਣ।

ਸੁਖਜੀਤ ਸਿੰਘ

ਸ੍ਰੀ ਭੈਣੀ ਸਾਹਿਬ ਦੇ ਸਾਬਕਾ ਸਰਪੰਚ ਅਤੇ ਪ੍ਰਸਿੱਧ ਲੇਖਕ ਸੁਖਜੀਤ ਸਿੰਘ ਹੋਰਾਂ ਆਪਣੀ ਸ਼ਰਧਾਂਜਲੀ ਵਿੱਚ ਕਿਹਾ ਕਿ ਜਥੇਦਾਰ ਗਿਆਨ ਸਿੰਘ ਜੀ ਦੀਆਂ ਏਨੀਆਂ ਚੰਗੀਆਂ ਗੱਲਾਂ ਨੇ ਕਿ ਅਸੀਂ ਵੀ ਆਪਣਾ ਜੀਵਨ ਚੰਗਾ ਬਣਾ ਸਕਦੇ ਹਾਂ। ਉਹ ਜਿਹੜਾ ਪਰਚਾਰ ਆਪ ਕਰੇ ਸਨ ਉਸ ਧਾਰਨਾ ਉੱਤੇ ਆਪ ਵੀ ਚਲਦੇ ਸਨ। ਜੇ ਉਹ ਕਹਿੰਦੇ ਕਿ ਸਤਿਗੁਰਾਂ ਦੇ ਚਰਨਾਂ ਤੇ ਵਿਸ਼ਵਾਸ ਰੱਖੋ, ਤਾਂ ਉਹ ਆਪ ਵੀ ਰੱਖਦੇ ਸਨ। ਉਹ ਤਿੰਨ ਵਾਰ ਉਜੜੇ ਤੇ ਤਿੰਨ ਵਾਰ ਵਸੇ। ਉਜੜੇ ਸਿਰਫ਼ ਏਸ ਕਰਕੇ ਕਿ ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਉਹਨੇ ਸਾਰਾ ਕੁਝ ਦੇ ਦੇਣੈ। ਉਨ੍ਹਾਂ ਪੁੱਤਰ ਲੈਣ ਵਾਸਤੇ ਕਿਤੇ ਹੋਰ ਥਾਂ ਝੋਲੀ ਨਹੀਂ ਅੱਡੀ। ਕੇਵਲ ਲੋਕਾਂ ਨੂੰ ਦੱਸਣ ਵਾਸਤੇ ਇਸੇ ਗੁਰੂ ਘਰ 'ਚੋਂ ਇਹ ਪ੍ਰਾਪਤੀ ਕੀਤੀ। ਉਨ੍ਹਾਂ ਨੂੰ ਨਿੱਕੀ ਉਮਰੇ ਹੀ ਗਿਆਨ ਹੋ ਗਿਆ ਸੀ ਕਿ ਮਾਰਨ ਵਾਲੇ ਨਾਲੋਂ ਬਚਾਉਣ ਵਾਲਾ ਤਗੜਾ ਹੈ। ਉਨ੍ਹਾਂ ਪੂਰੀ ਜ਼ਿੰਦਗੀ ਸੰਘਰਸ਼ ਕੀਤਾ। ਆਰਾਮ ਨੇੜੇ ਨਾ ਆਉਣ ਦਿੱਤਾ। ਉਨ੍ਹਾਂ ਆਪਣੇ ਪਰਿਵਾਰ ਨੂੰ ਸਮਝਾ ਦਿੱਤਾ ਸੀ ਕਿ "ਮੇਰੇ ਮਗਰੋਂ ਕੋਈ ਅਡੰਬਰ ਨਾ ਕਰਿਓ... ਮੇਰੀ ਗਤੀ ਕਿਸੇ ਤੀਰਥ ਅਸਥਾਨ ਦੀ ਮੁਥਾਜ ਨਹੀਂ... ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿੱਚ ਅਰਦਾਸ ਕਰਿਓ, ਮੇਰੀ ਗਤੀ ਹੋਈ ਹੋਈ ਹੈ।" ਉਨ੍ਹਾਂ ਪਰਿਵਾਰ ਨੂੰ ਇਹ ਵੀ ਸਮਝਾ ਦਿੱਤਾ ਕਿ "ਮੇਰੇ ਫੁੱਲ ਨਹਿਰ ਵਿੱਚ ਕਿਸ਼ਤੀ ਰੋਕ ਕੇ ਪਰਵਾਹ ਕਰ ਦੇਣੇ, ਬੜੀ ਸਾਦਗੀ ਦੇ ਨਾਲ।" ਉਹ ਗੁਣਗੁਣਾਂਦੇ ਸਨ–ਵਗ ਵਗ ਵੇ ਝਨਾ ਦੇ ਪਾਣੀਆ। ਉਹ ਆਪ ਦਰਿਆ ਵਰਗੇ ਸਨ। ਉਹ ਦਰਿਆ ਵਾਂਗ ਅਮਰ ਨੇ। ਉਨ੍ਹਾਂ ਦੀਆਂ ਯਾਦਾਂ ਸਾਡੇ ਨਾਲ ਨੇ।

ਅਜੀਤ ਸਿੰਘ ਨਾਮਧਾਰੀ

ਸਕੱਤਰ ਨਾਮਧਾਰੀ ਦਰਬਾਰ, ਸ. ਅਜੀਤ ਸਿੰਘ ਨਾਮਧਾਰੀ ਲੁਧਿਆਣਾ ਨੇ ਕਿਹਾ ਕਿ ਸੰਤ ਵੀਰੋਕੇ ਨਾਮਧਾਰੀ ਪੰਥ ਦੇ ਮੁਕਟ ਦੇ ਹੀਰੇ ਸਨ। ਉਹ ਆਪਣੇ ਆਪ ਵਿੱਚ ਸੰਗੀਤ, ਸ਼ਬਦ ਕੀਰਤਨ, ਭਜਨ ਬੰਦਗੀ ਦਾ ਇੱਕ ਘਰਾਣਾ ਸ਼ਨ। ਉਨ੍ਹਾਂ ਦੇਸ਼-ਵਿਦੇਸ਼ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਢੋਲਕ-ਛੈਣਿਆਂ ਦੇ ਘਰਾਣੇ ਨੂੰ ਪਹੁੰਚਾਇਆ। ਸਤਿਗੁਰੂ ਰਾਮ ਸਿੰਘ ਜੀ ਦੀ

ਮਰਿਯਾਦਾ ਨੂੰ ਪਹੁੰਚਾਇਆ। ਸਰਸਵਤੀ ਉਹਨਾਂ ਦੀ ਜ਼ਬਾਨ ਤੇ ਸੀ... ਉਹ ਨਹੀਂ ਰਹੇ, ਪਰ ਉਹਨਾਂ ਦੀ ਯਾਦ ਸਦਾ ਰਹੇਗੀ।

ਮਾਸਟਰ ਨਿਹਾਲ ਸਿੰਘ

ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ (ਸਾਬਕਾ ਪ੍ਰਧਾਨ ਨਾਮਧਾਰੀ ਦਰਬਾਰ) ਨੇ ਸੰਨ ੧੯੬੩ ਦੀ ਗੱਲ ਸੁਣਾਈ, ਜਦੋਂ ਉਹਨਾਂ ਕੋਈ ੨੦ ਦਿਨ ਸਤਿਗੁਰਾਂ ਦੀ ਹਜ਼ੂਰੀ ਵਿੱਚ ਦੌਰੇ ਵਿੱਚ ਸੰਤ ਗਿਆਨ ਸਿੰਘ ਜੀ ਦੀ ਸੰਗਤ ਕੀਤੀ। ਉਨ੍ਹਾਂ ਦੱਸਿਆ ਕਿ ਸੰਤਾਂ ਨੇ ਜਿਹੜਾ ਸ਼ਬਦਾਂ ਅੱਜ ਪੜ੍ਹਿਆ ਉਹ ਦੂਜੇ ਦਿਨ ਨਹੀਂ ਪੜ੍ਹਿਆ। ਨਿਤ ਨਵੇਂ ਮਜ਼ਮੂਨ ਦੀ ਵਿਆਖਿਆ ਕੀਤੀ। ਅਸੀਂ ਬਾਕੀ ਲੋਕ ਫਿਰ-ਤੁਰ ਕੇ ਥੱਕ-ਟੁੱਟ ਕੇ ਸੌਂ ਜਾਂਦੇ ਸਾਂ। ਸਤਿਗੁਰੂ ਜਗਜੀਤ ਸਿੰਘ ਜੀ ਅੰਮ੍ਰਿਤ ਵੇਲੇ ਤੜਕੇ ਸੰਤ ਗਿਆਨ ਸਿੰਘ ਜੀ ਨੂੰ ਉਠਾ ਦਿੰਦੇ ਸਨ... ਆਸਾ ਦੀ ਵਾਰ ਲਾਵੋ। ਉਸੇ ਵੇਲੇ ਇਸ਼ਨਾਨ ਕਰਕੇ ਕੀਰਤਨ ਕਰਨ ਲੱਗ ਪੈਣਾ। ਬੜਾ ਅਨੰਦ ਬਣਦਾ। ਜਿਸ ਰੰਗ ਵਿੱਚ ਉਹਨਾਂ ਆਪਣਾ ਜੀਵਨ ਬਤੀਤ ਕੀਤਾ, ਉਹ ਅੰਤ ਤੱਕ ਗਏ। ਉਨ੍ਹਾਂ ਦਾ ਜੀਵਨ ਇਕ-ਰਸ ਗੁਜ਼ਰਿਆ।

ਪ੍ਰੋ. ਤਾਰਾ ਸਿੰਘ ਅਨਜਾਣ

'ਸਤਿਜੁਗ' ਦੇ ਸੰਪਦਾਕ ਪ੍ਰੋ. ਤਾਰਾ ਸਿੰਘ ਅਨਜਾਣ ਹੋਰਾਂ ਆਪਣੇ ਪ੍ਰਭਾਵਸ਼ਾਲੀ ਭਾਸ਼ਨ ਵਿੱਚ ਕਿਹਾ ਕਿ ਸੰਤ ਗਿਆਨ ਸਿੰਘ ਸਦਾ ਪੱਕੇ ਪੂਰੇ ਨਾਮਧਾਰੀ ਪੰਥ ਨੂੰ ਸਮਰਪਿਤ ਰਹੇ। ਉਨ੍ਹਾਂ ਸੱਚਾ-ਸੁੱਚਾ ਕੀਰਤਨ ਕਰਕੇ ਆਪਣਾ ਥਾਂ ਬਣਾਇਆ। ਉਨ੍ਹਾਂ ਦੇ ਕੀਰਤਨ ਦੀ ਇਹ ਸਿਫ਼ਤ ਸੀ ਕਿ ਇਕ ਪਾਸੇ ਵਿਦਵਾਨ ਰਾਗ ਦੀ ਸਮਝ ਵਾਲੇ ਅੱਸ਼-ਅੱਸ਼ ਕਰਦੇ ਸਨ, ਦੂਜੇ ਪਾਸੇ ਦੀਵਾਨੇ-ਮਸਤਾਨੇ ਲੋਕ ਜਿਹੜੇ ਵੈਰਾਗਮਈ ਕੀਰਤਨ ਸੁਣਦੇ ਸਨ ਉਹ ਮਸਤਾਨੇ ਹੋ ਜਾਂਦੇ ਸਨ। ਉਨ੍ਹਾਂ ਨੂੰ ਹਰ ਰੰਗ, ਹਰ ਰਸ, ਹਰ ਸੁਆਦ, ਆਪਣੇ ਦੀਵਾਨ ਵਿੱਚ ਛੱਡਣ ਦੀ ਜਾਚ ਸੀ। ਹਉਮੈ ਲੋਭ ਹੰਕਾਰ ਛੱਡਣ ਦੀ ਜਾਚ ਸੀ। ਲੋਕਾਂ ਦਾ ਮੋਹ ਗ੍ਰਹਿਣ ਕਰਨ ਦੀ ਜਾਚ ਸੀ। ਬਹੁਤ ਸਾਰੇ ਜਥੇਦਾਰਾਂ ਵਿੱਚ ਫ਼ਰਕ ਆਉਂਦਾ ਰਿਹਾ, ਪਰ ਜਥੇਦਾਰ ਗਿਆਨ ਸਿੰਘ ਸਦਾ ਸਤਿਗੁਰੂ ਚਰਨਾਂ ਨਾਲ ਜੁੜੇ ਰਹੇ ਅਖੀਰ ਤਕ ਉਹ ਬੇਦਾਗ਼ ਗਏ ਹਨ। ਉਹਨਾਂ ਆਪਣਾ ਮਹੱਤਵਪੂਰਨ ਥਾਂ ਬਣਾਇਆ।

ਸ. ਹਰਵਿੰਦਰ ਸਿੰਘ ਹੰਸਪਾਲ

ਨਾਮਧਾਰੀ ਦਰਬਾਰ ਦੇ ਪ੍ਰਧਾਨ ਸਾਹਿਬ ਸ. ਹਰਵਿੰਦਰ ਸਿੰਘ ਹੰਸਪਾਲ ਸਾਬਕ ਮੈਂਬਰ ਪਾਰਲੀਮੈਂਟ ਨੇ ਕਿਹਾ ਕਿ ਮੇਰੀ ਸੰਤ ਗਿਆਨ ਸਿੰਘ ਹੋਰਾਂ ਨਾਲ ਜਾਣ-ਪਛਾਣ ੫੦ ਸਾਲ ਪੁਰਾਣੀ ਹੈ। ਬਿਜਨੌਰ ਯੂ.ਪੀ. ਵਿੱਚ ਪਹਿਲਾਂ ਮੇਰੇ ਤਾਇਆ ਸ. ਗੁਰਦਿਆਲ ਸਿੰਘ ਜੀ ਅਤੇ ਬਾਦ ਵਿੱਚ ਮੇਰੇ ਪਿਤਾ ਸ. ਗਿਆਨ ਸਿੰਘ ਚੀਫ਼ ਐਨਜੀਨੀਅਰ ਸਨ। ਮੇਰੇ ਪਿਤਾ ਜੀ ਅਤੇ ਸੰਤ ਗਿਆਨ ਸਿੰਘ ਵਿੱਚ ਸਿਰਨਾਵੀਏ ਹੋਣ ਕਰਕੇ ਜਾਂ ਵਿਚਾਰਧਾਰਾ ਮਿਲਣ ਕਰਕੇ ਬਹੁਤ ਲੰਮੀਆਂ ਬੈਠਕਾਂ ਹੋਇਆ ਕਰਦੀਆਂ ਸਨ। ਸੰਤ ਗਿਆਨ ਸਿੰਘ ਅਤੇ ਮੇਰੇ ਪਿਤਾ ਜੀ ਦੀਆਂ ਘੰਟਿਆਂ ਬੱਧੀ ਬੈਠਕ ਹੁੰਦੀ ਤੇ ਉਸ ਵਿੱਚ ਕੋਈ ਹੋਰ ਚਰਚਾ ਨਹੀਂ ਸੀ ਹੁੰਦੀ ਕੇਵਲ ਗਿਆਨ ਚਰਚਾ ਹੀ ਹੁੰਦੀ। ਸਾਨੂੰ ਭਾਵੇਂ ਸਮਝ ਨਹੀਂ ਸੀ ਅਸੀਂ ਛੋਟੇ ਸਾਂ, ਪਰ ਸਾਨੂੰ ਅਨੰਦ ਬਹੁਤ ਆਉਂਦਾ ਸੀ। ਵੀਰੋਕਿਆਂ ਵਾਲਿਆਂ ਦਾ ਦੀਵਾਨ ਅਜਿਹਾ ਹੁੰਦਾ ਸੀ ਕਿ ਉਸਨੂੰ ਚੰਗਾ ਪ੍ਰਭਾਵਸ਼ਾਲੀ ਕਹਿ ਲਈਏ, ਗਿਆਨ ਭਰਪੂਰ ਕਹੀਏ ਕੁਝ ਵੀ ਵਿਸ਼ੇਸ਼ਣ ਵਰਤ ਲਈਏ, ਪਰ ਇਹ ਗੱਲ ਵਾਰ-ਵਾਰ ਆਖਣ ਨੂੰ ਜੀਅ ਕਰਦਾ ਹੈ ਕਿ ਲੋਕ ਉਸਦਾ ਪ੍ਰਭਾਵ ਗ੍ਰਹਿਣ ਕਰਦੇ ਸਨ। ਅੱਜ ਉਨ੍ਹਾਂ ਦੀਆਂ ਦੋ ਆਡੀਓ ਟੇਪਾਂ ਰੀਲੀਜ਼ ਹੋ ਰਹੀਆਂ ਹਨ ਇਹ ਬਲਬੀਰ ਸਿੰਘ ਹੋਰਾਂ ਤਿਆਰ ਕੀਤੀਆਂ ਹਨ। ਇਹ ਵੱਧ ਤੋਂ ਵੱਧ ਰਿਲੀਜ਼ ਕਰਨੀਆਂ ਚਾਹੀਦੀਆਂ ਹਨ।

ਸ. ਅਜੀਤ ਸਿੰਘ ਚੀਮਾ

ਮਾਸਟਰ ਅਜੀਤ ਸਿੰਘ ਚੀਮਾ ਹੋਰਾਂ ਸਟੇਜ ਸਕੱਤਰੀ ਕਰਦਿਆਂ ਨਾਲੋਂ-ਨਾਲ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਉਨ੍ਹਾਂ ਲੇਖ ਵੀ ਲਿਖਿਆ ਹੈ ਜੋ ਅਖ਼ਬਾਰਾਂ ਵਿੱਚ ਛਪੇਗਾ। ਉਨ੍ਹਾਂ ਸੰਤਾਂ ਨੂੰ ਸਮਰਪਤ ਇਹ ਸ਼ੇਅਰ ਪੜ੍ਹਿਆ—

ਐ ਦੋਸਤ ਮਰਨੇ ਵਾਲੇ ਐਸਾ ਮਰ
ਜੀਨੇ ਵਾਲੇ ਐਸਾ ਜੀ
ਕਿ ਸਬਕ ਦੇ ਜਾਏ ਤੇਰੀ ਮੌਤ ਭੀ ਔਰ ਜ਼ਿੰਦਗੀ ਭੀ।

ਸਤਿਗੁਰੂ ਜੀ ਦੇ ਪਰਵਚਨ

ਸਤਿਗੁਰੂ ਜੀ ਨੇ ਅੰਤ ਉੱਤੇ ਆਪਣੇ ਪਰਵਚਨਾਂ ਵਿੱਚ ਫ਼ੁਰਮਾਇਆ ਕਿ ਜਿਹੜੇ ਬਜ਼ੁਰਗ ਜਥੇਦਾਰ ਤੁਸੀਂ ਵੇਖਦੇ ਹੋ ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਦੇ ਪਾਤਰ ਅਤੇ ਉਨ੍ਹਾਂ ਦੀ ਬਖਸ਼ਿਸ਼ ਨਾਲ ਸਾਰੇ ਬਣੇ ਨੇ। ਅੱਗੋਂ ਜਿਸ ਤਰ੍ਹਾਂ ਸਤਿਗੁਰੂ ਜੀ ਨੇ ਕਿਰਪਾ ਕਰਕੇ ਜਸਪਾਲ ਸਿੰਘ, ਗੁਰਦੀਪ ਸਿੰਘ ਹੋਰੀਂ ਜਥੇਦਾਰ ਬਣ ਰਹੇ ਨੇ ਉਹ ਤੁਸੀਂ ਸੁਣੇਂ ਨੇ। ਮੈਨੂੰ ਸਭ ਤੋਂ ਵੱਡੀ ਖੁਸ਼ੀ ਏਸ ਗੱਲ ਦੀ ਏ ਕਿ ਸਾਡੇ ਜਥੇਦਾਰ ਜ਼ਿੰਦਾਬਾਦ ਮੁਰਦਾਬਾਦ ਵਾਲੇ ਨਹੀਂ, ਸਗੋਂ ਸ਼ਬਦ ਕੀਰਤਨ ਕਰਦੇ ਨੇ। ਅੱਜ-ਕੱਲ੍ਹ ਜਥੇਦਾਰ ਉਸਨੂੰ ਕਿਹਾ ਜਾਂਦਾ ਹੈ ਜਿਹੜਾ ਹੇਠਲੀ ਉਤੇ ਅਤੇ ਉਤਲੀ ਹੇਠ ਕਰ ਦੇਵੇ। ਇੰਝ ਵੀ ਕਰਦੇ ਨੇ ਇਹ। ਲੋਕਾਂ ਨੂੰ ਮਾਸ ਸ਼ਰਾਬ ਛੁਡਾ ਕੇ ਠੀਕ ਥਾਂ ਤੇ ਲੈ ਆਉਂਦੇ ਨੇ। ਪੰਡਿਤ ਜੀ ਨੇ ਹਜ਼ਾਰਾਂ ਲੋਕਾਂ ਦੇ ਮਾਸ ਸ਼ਰਾਬ ਛੁਡਾ ਕੇ ਭਜਨ ਦੱਸਿਆ।

ਜਥੇਦਾਰ ਗਿਆਨ ਸਿੰਘ ਹੋਰਾਂ ਤੇ ਸਤਿਗੁਰਾਂ ਦੀ ਬੜੀ ਕਿਰਪਾ ਸੀ। ਕਈ ਵਾਰ ਹਾਸਾ ਮਾਖੌਲ ਵੀ ਕਰ ਲੈਂਦੇ ਸਾਂ, ਪਰ ਉਨ੍ਹਾਂ ਅੰਦਰ ਕਦੇ ਗੁੱਸਾ ਨਹੀਂ ਸੀ ਆਇਆ। ਹੱਸ ਕੇ ਟਾਲ ਦਿੰਦੇ ਸਨ ਗੱਲ ਨੂੰ। ਬੜੇ ਠੰਡੇ ਵਿਚਾਰ ਦੇ ਆਦਮੀ ਸਨ।


ਮੇਰੇ ਮਨ ਵਿੱਚ ਇਹ ਗੱਲ ਰਹਿੰਦੀ ਏ ਕਿ ਜੋ ਬਜ਼ੁਰਗ ਅਤੇ ਬੀਮਾਰ ਨਾਮਧਾਰੀ ਹਨ ਉਨ੍ਹਾਂ ਦੀ ਇਥੇ ਲਿਆ ਕੇ ਸੇਵਾ ਕਰੀਏ। ਜਦੋਂ ਜਸਵਿੰਦਰ ਸਿੰਘ (ਸੰਤ ਗਿਆਨ ਸਿੰਘ ਜੀ ਦੇ ਦਾਮਾਦ) ਹੋਰਾਂ ਨੂੰ ਕਹਿਣਾ ਕਿ ਇਥੇ ਲੈ ਆਈਏ ਤਾਂ ਉਨ੍ਹਾਂ ਕਹਿਣਾ ਉਹ ਆਉਣ ਜੋਗੇ ਹੀ ਨਹੀਂ ਬਹੁਤ ਕਮਜ਼ੋਰ ਹਨ। ਫੇਰ ਮੈਂ ਆਪ ਗਿਆ ਤੇ ਨਾਲ ਲੈ ਆਇਆਂ। ਸੂਬਾ ਹਰਬੰਸ ਸਿੰਘ ਜੀ ਨਾਦੇੜ ਵਾਲੇ ਇਨ੍ਹਾਂ ਦੇ ਜੋਟੀਦਾਰ ਸਨ ਮੈਂ ਉਨ੍ਹਾਂ ਨੂੰ ਕਿਹਾ ਕਿ ਇਨ੍ਹਾਂ ਦਾ ਇਕੱਲਿਆਂ ਦਾ ਜੀ ਨਹੀਂ ਲੱਗਣਾ ਤੁਸੀਂ ਵੀ ਆ ਜਾਓ। ਇਥੇ ਉਹ ਠੀਕ ਹੋ ਗਏ ਤੁਰਨ ਲੱਗ ਪਏ। ਉਨ੍ਹਾਂ ਨੂੰ ਵੱਖਰੀ ਕੁਟੀਆ ਅਤੇ ਸੇਵਕ ਦੇਣ ਦਾ ਪ੍ਰਬੰਧ ਸੀ, ਪਰ ਜਸਵਿੰਦਰ ਸਿੰਘ ਹੋਰਾਂ ਦੇ ਪਰਿਵਾਰ ਦਾ ਜੀ ਨਹੀਂ ਸੀ ਕਰਦਾ। ਲੁਧਿਆਣੇ ਹਸਪਤਾਲ ਉਹ ਮਸ਼ੀਨਾਂ ਦੇ ਆਸਰੇ ਸਨ। ਮੈਂ ਕਿਹਾ ਕਿ ਤੁਸੀਂ ਇਥੇ ਲੈ ਆਓ...।

ਅਜੈਬ ਸਿੰਘ ਤੇ ਸਤਿਗੁਰਾਂ ਦੀ ਕ੍ਰਿਪਾ ਹੈ। ਉਹ ਪੂਰਾ ਦੀਵਾਨ ਉਸੇ ਤਰ੍ਹਾਂ ਹੀ ਲਾਉਂਦੇ ਹਨ। ਮੈਂ ਗੁਰਬਚਨ ਸਿੰਘ (ਸਪੁੱਤਰ ਸੰਤ ਗਿਆਨ ਸਿੰਘ) ਨੂੰ ਆਖਾਂਗਾ ਕਿ ਤੂੰ ਵੀ ਕੋਸ਼ਿਸ਼ ਕਰ ਜਥੇਦਾਰ ਅਜੈਬ ਸਿੰਘ ਨਾਲ ਰਹਿ ਕੇ ਸ਼ਬਦ ਪੜ੍ਹਨ ਦੀ ਜਾਂਚ ਸਿਖ ਅੱਗੋਂ ਬੱਚਿਆਂ ਤੇ ਵੀ ਕਿਰਪਾ ਹੋਵੇ। ਸਤਿਗੁਰੂ ਸੱਚੇ ਪਾਤਸ਼ਾਹ ਕਿਰਪਾ ਕਰੇ ਸਾਡੇ ਜਥੇਦਾਰ, ਸਾਡੇ ਪਾਠੀ ਪੈਸਿਆਂ ਦਾ ਧਿਆਨ ਨਾ ਕਰਕੇ ਆਪਣਾ ਤੇ ਜਿਨ੍ਹਾਂ ਨੂੰ ਸੁਨਾਉਣ ਉਹਨਾਂ ਦਾ ਜੀਵਨ ਸੁਧਾਰਨ ਵਾਸਤੇ ਪ੍ਰੋਗਰਾਮ ਰੱਖਣ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦੀ ਲਾਲਸਾ ਆਪਣੇ ਅੰਦਰ ਹੋਵੇ ਅਤੇ ਲੋਕਾਂ ਦੇ ਅੰਦਰ ਪੈਦਾ ਹੋਵੇ ਤਾ ਕਿ ਸਾਡਾ ਭਲਾ ਹੋਵੇ।


ਮਾਸਿਕ ਵਰਿਆਮ, ਦਸੰਬਰ ੧੯੯੮ ਅੰਕ ਚੋਂ



ਚਲੇ ਸੰਤ ਜਨ ਦੇਵ ਲੋਕ ਨੂੰ। ਸ੍ਰੀ ਭੈਣੀ ਸਾਹਿਬ ਵਿੱਚ ਅੰਤਮ ਯਾਤਰਾ ਦਾ ਇੱਕ ਦ੍ਰਿਸ਼



ਸ਼ਮਸ਼ਾਨ ਘਾਟ ਸ੍ਰੀ ਭੈਣੀ ਸਾਹਿਬ ਵਿੱਚ ਦੀਵਾਨ ਦਾ ਦ੍ਰਿਸ਼ : ਖੜੇ : ਸੂਬਾ ਸੇਵਾ ਸਿੰਘ ਜਗਾਧਰੀ, ਜਥੇਦਾਰ ਇਕਬਾਲ ਸਿੰਘ, ਸੂਬਾ ਅਜੀਤ ਸਿੰਘ ਬਟਾਲਾ, ਸਪੁਤਰ ਗੁਰਬਚਨ ਸਿੰਘ, ਜਥੇਦਾਰ ਸੁਦਰਸ਼ਨ ਸਿੰਘ। ਬੈਠੇ ਹੋਏ, ਸੂਬਾ ਹਰਬੰਸ਼ ਸਿੰਘ ਦੋਸ਼ੀ, ਪੰਡਿਤ ਗੋਪਾਲ ਸਿੰਘ ਜੀ, ਜਥੇਦਾਰ ਗੁਰਦੀਪ ਸਿੰਘ (ਹਾਰਮੋਨੀਅਮ), ਧਰਮਪਾਲ ਸਿੰਘ ਹੀਰਾ, (ਢੋਲਕ ਨਾਲ) ਹੋਰ ਸੰਗਤਾਂ ਨਾਲ



ਸ਼ਮਸ਼ਾਨ ਘਾਟ ਸ੍ਰੀ ਭੈਣੀ ਸਾਹਿਬ ਵਿੱਚ ਦੀਵਾਨ ਦਾ ਦ੍ਰਿਸ਼ : ਖੜੇ : ਸੂਬਾ ਸੇਵਾ ਸਿੰਘ ਜਗਾਧਰੀ, ਜਥੇਦਾਰ ਇਕਬਾਲ ਸਿੰਘ, ਸੂਬਾ ਅਜੀਤ ਸਿੰਘ ਬਟਾਲਾ, ਸਪੁਤਰ ਗੁਰਬਚਨ ਸਿੰਘ, ਜਥੇਦਾਰ ਸੁਦਰਸ਼ਨ ਸਿੰਘ। ਬੈਠੇ ਹੋਏ, ਸੂਬਾ ਹਰਬੰਸ ਸਿੰਘ ਦੋਸ਼ੀ, ਪੰਡਿਤ ਗੋਪਾਲ ਸਿੰਘ ਜੀ, ਜਥੇਦਾਰ ਗੁਰਦੀਪ ਸਿੰਘ (ਹਾਰਮੋਨੀਅਮ), ਧਰਮਪਾਲ ਸਿੰਘ ਹੀਰਾ, (ਢੋਲਕ ਨਾਲ) ਹੋਰ ਸੰਗਤਾਂ ਨਾਲ